ਅਤੇ (ਲੋਚਨ) ਨੇਤ੍ਰ, ਤਦ ਹੀ (ਅਮੋਲ) ਸਫਲ ਹਨ ਜੇ ਸਤਿਗੁਰਾਂ ਦਾ ਅਮੋਲਕ ਦਰਸ਼ਨ ਕਰਨ । (ਸ੍ਰਵਨ) ਕੰਨ ਤਦ ਹੀ (ਅਮੋਲ) ਸਫਲ ਹਨ ਜੋ ਸਤਿਗੁਰਾਂ ਦੇ ਬਚਨਾਂ ਨੂੰ ਸੁਣਕੇ ਹਿਰਦੇ ਵਿਚ ਧਾਰਨ ਕਰਨ ਤਥਾ ਕੰਨ ਸਤਿਗੁਰਾਂ ਦਾ ਉਪਦੇਸ਼ ਦਾ ਬਚਨ ਧਾਰਨ ਕਰਕੇ ਸਫਲ ਕਰ ਲਏ ॥ ਜਥਾ—"ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥"

ਨਾਸਕਾ ਅਮੋਲ ਚਰਨਾਰ ਬਿੰਦ ਬਾਸਨਾ ਕੈ,

ਰਸਨਾ ਅਮੋਲ ਗੁਰ ਮੰਤ੍ਰ ਸਿਮਰਨ ਕੈ ॥

(ਨਾਸਕਾ) ਨਾਸਾਂ (ਅਮੋਲ) ਸਫਲ ਤੇਦ ਹੀ ਹਨ ਜੋ ਸਤਿਗੁਰਾਂ ਦੇ (ਚਰਨਾਰ ਬਿੰਦ) ਚਰਨਾਂ ਕਮਲਾਂ ਦੀ (ਬਾਸਨਾ) ਸੁਗੰਧੀ ਲੈਂਦੇ ਰਹਿ ਹੋਵੇ ਲੈਣ ਭਾਵਾਰਥ ਕਿ ਸਤਿਗੁਰਾਂ ਦੇ ਚਰਨ ਕਮਲਾਂ ਦਾ ਸਪਰਸ਼ ਹੋਣਾ ਹੋਵੇ ਅਥਵਾ ਗੁਰਮੁਖਾਂ ਨੇ ਸਤਿਗੁਰਾਂ ਦੇ ਚਰਨ ਕਮਲਾਂ ਦੀ (ਬਾਸਨਾ) ਸੁਗੰਧੀ ਲੈਕੇ ਨਾਸਕਾਂ ਤਥਾ ਸੁਆਸਾਂ ਨੂੰ ਸਫਲ ਕੀਤਾ ਹੈ ਜਥਾ—"ਗੁਰਮੁਖਿ ਰੋਮ ਰੋਮ

ਰਹਿ ਜਿਆਵੇ। ਗੁਰਮੁਖਿ ਰਵਾਲੀ ਨਾਲ ਮਿਲ ਕੇ ਅਤੇ (ਰਸਨਾ) ਜਿਹਬਾ ਸਫਲ ਕੀਤੀ ਗੁਰੂ ਮੰਤ੍ਰ (ਸਤਿਨਾਮ ਵਾਹਿਗੁਰੂ) ਦਾ ਉਚਾਰਨ ਕਰਕੇ ਚਾਰ ਰਸਨਾ ਤਦ ਹੀ ਸਫਲ ਕਰ ਪਦਾਰਥ ਪਾਪ ਲਈ ਹੁੰਦੀ ਹੈ ਜੋ ਵਾਹਿਗੁਰੂ ਅਕਾਲ ਪੁਰਖ ਜੀ ਦਾ ਸਿਮਰਨ ਕਰੇ ॥ ਯਥਾ–

ਰਸਨਾ ਗੋਬਿੰਦ ਬੋਲਿ ਮਤ ਜਾਹੁ । ਮਾਨਸ ਜਨਮ ਕਾ ਏਹੀ ਲਾਹੁ ॥

ਹਸਤ ਅਮੋਲ ਗੁਰ ਦੇਵ ਸੇਵ ਸਫਲ ਹੈ,

ਚਰਨ ਅਮੋਲ ਪਰ ਦਛਨਾ ਕਰਨ ਕੈ ॥ ੧੭ ॥

(ਹਸਤ) ਹਥ (ਅਮੋਲ) ਸਫਲ ਹੋਤ (ਗੁਰਦੇਵ) ਸਤਿਗੁਰੂ ਪ੍ਰਕਾਸ਼ ਸਰੂਪ ਦੀ ਸੇਵਾ (ਕੈ) ਕਰਕੇ ਦਾ ਤਬ ਤਦ ਹੀ ਸਫਲ ਹਨ ਜੇ (ਗੁਰੂ) ਦੇ ਸਤਿਗੁਰਾਂ ਦੀ ਸੇਵਾ ਕਰੇ । ਸਫਲ-ਇਹ ਤਿੰਨ ਅਖਰ ਪਾਠ ਵਿਚ ਪਿਛੇ ਲਗਾਣੇ ਅਤੇ ਅਰਥ ਵਿਚ ਅਗੇ ਚਲਨ ਕੇ ਅਰਥਾਤ ਚਰਨ ਸਫਲ ਕੀਤੇ ਸਤਿਗੁਰਾਂ ਦੀ ਪ੍ਰਦੱਛਣਾ ਕਰਕੇ ਕਾ ਚਰਨ ਤਦ ਹੀ (ਅਮੋਲਕ) ਸਫਲ ਹਨ ਜੇ ਸਤਿਗੁਰਾਂ ਦੀ ਪ੍ਰਦੱਛਣਾ ਕਰਨ । ੧੭ ॥

ਉਪ੍ਰੋਕਤ ਉਥਾਨਕਾ ਪਰ ਹੀ ਅਗਲਾ ਕਬਿੱਤ ਉਚਾਰਦੇ ਹੈ

ਕ: ॥ ਦਰਸ ਧਿਆਨ ਦਿੱਬ ਦ੍ਰਿਸ਼ਟਿ ਪ੍ਰਗਾਸ ਭਈ,

ਕਰੁਨਾ ਕਟਾਛ ਦਿੱਬ ਦੇਹ ਪਰਵਾਨ ਹੈ ॥

ਅਰਥ—ਪੁਨ ਭਾਈ ਜੀ ਕਥਨ ਕਰਦੇ ਹਨ ਕਿ ਸਤਿਗੁਰਾਂ ਦੇ ਦਰਸ਼ਨ ਦਾ ਧਿਆਨ ਕਰਨ ਨਾਲ (ਦਿੱਬ) ਸੁਧ ਦੇਵਤਿਆਂ ਵਾਲੀ (ਦ੍ਰਿਸ਼ਟਿ) ਪ੍ਰਕਾਸ਼ ਪ੍ਰਗਟ ਹੋਈ ਅਤੇ ਫਿਰ ਸਤਿਗੁਰਾਂ ਨੇ ਕ੍ਰਿਪਾ ਦ੍ਰਿਸ਼ਟਿ ਕੀਤੀ ਤਾਂ ਮਨੁਖਾ ਦੇਹ ਸਫਲ (ਪ੍ਰਮਾਣੀਕ) ਹੋਈ ॥

ਸਬਦ ਸੁਰਤਿ ਲਿਵ ਬੱਜਰ ਕਪਾਟ ਖੁਲੇ,

ਪ੍ਰੇਮ ਰਸ ਰਸਨ ਕੈ ਅੰਮ੍ਰਿਤ ਨਿਧਾਨ ਹੈ ॥

ਜਦ ਸਤਿਗੁਰਾਂ ਦੇ (ਸਬਦ) ਉਪਦੇਸ਼ ਦੀ (ਸੁਰਤਿ) ਨਾਲ ਲਿਵ (ਲਿਵ) ਬ੍ਰਿਤੀ ਲਗੀ ਤਾਂ ਬੱਜਰ ਕਪਾਟ ਕਰੜੇ ਤਖਤੇ ਪੰਜ ਚੋਰਾਂ ਦੇ ਖੁਲ ਗਏ ਭਾਵਅਰਥ ਕਿ ਜਦ ਸਤਿਗੁਰਾਂ ਦਾ ਉਪਦੇਸ਼ ਧਾਰਨ ਕੀਤਾ ਤਾਂ ਅਗਿਆਨਤਾ ਦੂਰ ਹੋਈ ਫੇਰ ਸਦਾ ਰਸਨਾ ਕਰਕੇ ਪ੍ਰੇਮ ਕੀਤਾ ਤਾਂ ਇਹ ਅੰਮ੍ਰਿਤ ਦਾ ਖਜਾਨਾ ਮਿਲਿਆ, ਭਾਵ ਕਿ ਜਦ ਪ੍ਰੇਮ ਰਸਨਾ ਕਰਕੇ ਪੀਆ ਤਾਂ ਅੰਮ੍ਰਿਤ ਰਸ ਨਾਮ ਦਾ ਧਿਆਨ ਹੋਇਆ ॥

ਚਰਨ ਕਮਲ ਮਕਰੰਦ ਬਾਸਨਾ ਸੁਬਾਸ,

ਹਸਤ ਪੂਜਾ ਪ੍ਰਨਾਮ ਸਫਲ ਸੁਗਿਆਨ ਹੈ ॥

ਸਤਿਗੁਰਾਂ ਦੇ ਚਰਨ ਕਮਲਾਂ ਦੀ (ਮਕਰੰਦ) ਧੂੜੀ ਜਿਸ ਵੇਲੇ ਮੱਥੇ ਨੂੰ ਲਾਂਦੀ ਤਾਂ (ਸੁਬਾਸਨਾ) ਚੰਗੀ ਦੀ ਵਾਸਨਾ ਆਈ ਭਾਵ ਇਹ ਕਿ ਭਗਤੀ ਹਿਰਦੇ ਵਿਚ ਵਸੀ (ਹਸਤ) ਹੱਥ ਪੂਜਾ ਕਰਕੇ (ਪ੍ਰਨਾਮ) ਨਮਸਕਾਰ ਕਰਕੇ ਸਫਲ ਹੋਏ (ਗਿਆਨ) ਜਾਣੇ ॥

ਅੰਗ ਅੰਗ ਬਿਸਮ ਸੂਖਮ ਮੈਂ ਸਮਾਇ ਭਏ,
ਮਨ ਮਨਸਾ ਥਕਤ ਬ੍ਰਹਮ ਧਿਆਨ ਹੈ ॥ ੧੯ ॥

ਇਸ ਤਰਾਂ ਆਖਦੇ ਹਨ ਕਿ ਅੰਗ ਅੰਗ ਉਹਨਾਂ ਗੁਰਮੁਖਾਂ ਦੇ (ਬਿਸਮ) ਅਸਚਰਜ ਸਫਲ ਹੋਏ ਅਤੇ ਉਹਨਾਂ ਦਾ (ਸੂਖਮ) ਵਾਹਿਗੁਰੂ ਜਾਂ ਸਤਿਗੁਰੂ ਵਿਚ ਸਮਾਉਣਾ ਹੋਇਆ ਤਾਤਪਰਜ ਕਿ ਸਤਿਗੁਰਾਂ ਨਾਲ ਮਿਲ ਗਏ ਅਤੇ ਉਹਨਾਂ ਦਾ ਮਨ ਅਤੇ ਮਨਸਾ ਬੁਧੀ ਭੀ ਵਾਹਿਗੁਰੂ ਵਿਚ ਥਕਤ ਵਿਸਮਿਤ—ਅਡੋਲ ਹੋ ਗਈ ਅਤੇ (ਬ੍ਰਹਮ) ਵਾਹਿਗੁਰੂ ਦਾ ਹੀ ਉਹਨਾਂ ਨੂੰ ਧਿਆਨ ਹੋਇਆ, ਅਜਿਹਾ ਖਜ਼ਾਨਾ ਗੁਰਮੁਖਾਂ ਨੂੰ ਮਿਲਿਆ ॥੧੯॥

ਉਥਾਨਕਾ

ਜਿਨਾਂ ਸਤਿਗੁਰਾਂ ਦੀ ਕ੍ਰਿਪਾ ਕਰਕੇ ਗਿਆਨ ਪ੍ਰਾਪਤ ਹੋਇਆ ਹੈ, ਉਹਨਾਂ ਸਤਿਗੁਰਾਂ ਦੀ ਭਾਈ ਜੀ ਹੁਣ ਉਪਮਾ ਕਰਦੇ ਹਨ, ਅਤੇ ਗੁਰਮੁਖਾਂ ਦਾ ਭੀ ਇਸ ਵਿਚ ਵਰਨਨ ਹੈ ॥

ਕਬਿਤ ॥ ਗੁਰਮੁਖ ਸੁਖ ਫਲ ਅਤਿ ਅਸਚਰਜ ਮੈਂ,
ਹੇਰਤ ਹਿਰਾਨੇ ਆਨ ਧਿਆਨ ਬਿਸਮਾਨੇ ਹੈਂ ॥

ਹੁਣ ਭਾਈ ਜੀ ਕਥਨ ਕਰਦੇ ਹਨ ਕਿ ਬਹੁਤ ਹੀ ਅਸਚਰਜ ਰੂਪ ਜੋ ਸਤਿਗੁਰੂ ਹਨ, ਉਹਨਾਂ ਦਾ ਦਰਸ਼ਨ ਰੂਪ ਸੁਖ ਫਲ ਜਿਨਾਂ ਗੁਰਮੁਖਾਂ ਨੂੰ ਪ੍ਰਾਪਤ ਮਿਲਿਆ ਹੈ ਉਹ ਸਤਿਗੁਰਾਂ ਦਾ ਦਰਸ਼ਨ (ਹੇਰਤ) ਵੇਖਕੇ ਹੈਰਾਨ ਹੋ ਗਏ ਅਥਵਾ ਆਪ ਜੋ ਸਤਿਗੁਰਾਂ ਦਾ ਦਰਸ਼ਨ ਕਰਦੇ ਅਤੇ ਹੋਰਨਾਂ ਨੂੰ (ਹਿਰਾਨੇ) ਦਰਸ਼ਨ ਕਰਾਉਂਦੇ ਹਨ, ਅਤੇ (ਆਨ) ਹੋਰ ਦੇਵੀ ਦੇਵਤਿਆਂ ਦੇ ਧਿਆਨ ਕਰਕੇ ਜਿਨ੍ਹਾਂ ਨੂੰ [illegible] ਵਾ ਉਹਨਾਂ ਨੇ (ਬਿਸਮਾਨੇ) ਦੂਰ ਕਰ ਦਿਤੇ ਹਨ ॥

ਗੁਰਮੁਖ ਸੁਖ ਫਲ ਗੰਧ ਰਸ ਬਿਸਮ ਹੈ,
ਅਨਰਸ ਬਾਸਨਾ ਬਿਲਾਸ ਨ ਹਿਰਾਨੇ ਹੈਂ ॥

(ਗੰਧ) ਸੁਗੰਧੀ ਭਗਤੀ ਰਸ ਦਾ ਸੁਖ ਫਲ ਜਿਨਾਂ ਗੁਰਮੁਖਾਂ ਨੂੰ ਪ੍ਰਾਪਤ

ਹੋਇਆ ਹੈ, ਉਹ (ਵਿਸਮਾਦ ਅਸਚਰਜ ਹੋਏ ਹਨ ਅਤੇ ਆਹਰਮ) ਦੇਰ? ਤਰਾਂ ਦੀਆਂ ਧਾਰਨਾਂ ਦੇ ਵਿਲਾਸ ਵਿਚ (ਨ ਰਿਝਾਨੇ) ਚਿਤ ਨਹੀਂ ਲਿਆਉਂਦੇ, ਜਾ ਰੰਗਨਾਂ ਤਰਾਂ ਵਿਚ (ਉਪਜਨ) ਵਸਦ ਹਨ ਅਤੇ ਨਾ ਹੀ ਓਹ ਫਿਰ ਉਸ ਬਾਗ ਦਿਆਂ ਰਸਾਂ ਦੇ ਓਹਨਾਂ ਨੂੰ (ਤਾਨੇ) ਬਲ ਕਰਕੇ ਖਿਚਦੇ ਹਨ, ਭਾਵ ਰਥ ਜੋ ਲੋ ਪਖਿਆਂ ਦੀ ਭਗਤੀ ਕਰਦੇ ਹਨ ਓਹਨਾਂ ਨੂੰ ਹੋਰ ਸੰਸਾਰ ਦੇ ਰਸ ਪਰੇ ਨਹੀਂ ਲਗਦੇ ॥ ਜਥਾ—

ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ ॥
ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ ॥ ਵਾਰ ਗੂਜਰੀ ਮ: ੫ ॥

ਗੁਰਮੁਖ ਸੁਖ ਫਲ ਅਦਭੁਤ ਅਸਥਾਨ,
ਦੇਖ ਮ੍ਰਿਤ ਮੰਡਲ ਅਸਥਲ ਨ ਲੁਭਾਨੇ ਹੈ।

ਗੁਰਮੁਖਾਂ ਨੂੰ ਜੋ ਸੁਖ ਫਲ (ਅਸਥਾਨ) ਸਰੂਪ ਤਥਾ ਸਤਿਸੰਗ ਪ੍ਰਾਪਤ ਹੋਇਆ ਹੈ, ਓਹ ਫੇਰ (ਮ੍ਰਿਤ ਮੰਡਲ) ਸੰਸਾਰਕ ਪਦਾਰਥਾਂ ਵਿਚ ਲੁਭਾਇਮਾਨ ਨਹੀਂ ਹੁੰਦੇ ਭਾਵ ਏਹ ਕਿ (ਗੁਰਮੁਖ) ਸਤਸੰਗੀ ਜਨ ਵਾਹਿਗੁਰੂ ਵੱਲੋਂ ਲੱਗੇ ਹਨ ਅਤੇ ਓਨ੍ਹਾਂ ਨੂੰ ਸੰਸਾਰਕ ਸੁਖ ਹੀ ਭੁਲ ਗਏ ਹਨ। ਜਥਾ—ਇਹੁ ਰਸੁ ਛਾਡੇ ਓਹੁ ਰਸੁ ਆਵਾ। ਓਹੁ ਰਸੁ ਪੀਆ ਇਹ ਰਸੁ ਨਹੀਂ ਭਾਵਾ ॥ ਗਉੜੀ ਕਬੀਰ ਜੀ ॥

ਗੁਰਮੁਖ ਸੁਖ ਫਲ ਸੰਗਤ ਮਿਲਾਪ ਦੇਖ,
ਆਨ ਰਾਜਾਨ ਪਰਧਾਨ ਸਭ ਨਿਸ ਕਰ ਜਾਨੇ ਹੈ ॥੨੯॥

ਸੰਗਤ ਦੇ ਮਿਲਾਪ ਦਾ ਸੁਖ ਫਲ (ਅਨੰਦ) ਜੋ ਗੁਰਮੁਖਾਂ ਨੂੰ ਪ੍ਰਾਪਤ ਹੋਇਆ ਹੈ, ਉਸਨੂੰ ਓਹ ਹੀ ਵੇਖਦੇ ਹਨ ਅਥਵਾ ਅਸਾਂ ਵੇਖਿਆ ਹੈ। ਅਤੇ (ਆਨ) ਹੋਰ ਰਾਜਾਨ ਪਰਧਾਨ ਓਨ੍ਹਾਂ ਨੇ ਨਿਰਸ ਕਰਕੇ ਜਾਣੇ ਹਨ ਤਥਾ ਗੁਰਮੁਖਾਂ ਨੇ ਸਤਿਸੰਗਤਿ ਦੇ ਅਨੰਦ ਨੂੰ ਹੀ ਰਸ ਮੰਨਿਆ ਹੈ ॥ ੨੯ ॥

ਉਥਾਨਕਾ

ਗੁਰ ਭਾਈ ਗੁਰਦਾਸ ਜੀ ਚਾਰ ਸੁਖ ਫਲ ਜੋ ਹਨ (੧) ਦਰਸਨ ਦਾ (੨) ਭਗਤੀ ਦਾ (੩) ਸਰੂਪ ਦਾ (੪) ਸੰਗਤ ਦੇ ਮਿਲਾਪ ਦਾ, ਇਹ ਸਾਰਿਆਂ ਨੂੰ ਕਿਉਂ ਨਹੀਂ ਪ੍ਰਾਪਤ ਹੁੰਦੇ? ਤਿਸ ਪਰ ਕਥਨ ਕਰਦੇ ਹਨ ॥

ਕਬਿਤ—ਗੁਰਮੁਖ ਸੁਖ ਫਲ ਦਯਾ ਕੈ ਦਿਖਾਏ ਜਾਹਿ,
ਤਾਹਿ ਆਨ ਰੂਪ ਰੰਗ ਦੇਖੇ ਨਾਹਿ ਭਾਵਈ।

ਅਰਥ—ਜਿਨ੍ਹਾਂ ਗੁਰਮੁਖਾਂ ਨੂੰ ਸਤਿਗੁਰਾਂ ਨੇ ਸੁਖ ਫਲ ਕ੍ਰਿਪਾ ਕਰਕੇ [illegible] ਪਾਇਆ ਹੈ, ਓਨ੍ਹਾਂ ਨੂੰ (ਆਨ) ਹੋਰ ਰੂਪ ਰੰਗ ਵੇਖੇ ਨਹੀਂ ਭਾਉਂਦੇ ਜਿਵੇਂ [illegible]

ਨੇ "ਕਬਿੱਤ ਵਿਚ ਜੋ" ਦੱਸੀ ਹੈ ਓਹ ਹੋਰ ਬਨਾਵਟੀ ਚੀਜ਼ਾਂ ਨੂੰ ਜੇਹਾ ਕਹੀ ਜਾਂਦੀ ਹਾਂ ਜੇਹੋ ਜੇਹੀ ਨੂੰ ਗੁੜ ਕਹਾਈਏ ਪਰ ਜੂ ਉਸ ਦੇ ਸੁਆਦ ਪੁਛੀਏ ਤਾਂ ਓਹ ਉਸ ਦੀ ਨਹੀਂ ਸਮਝਦਾ, ਇਕਰ ਜੋ ਆਪ ਜੀ ਬਹੁਤ ਕੁਸਮ ਰਸ ਪਾਵਾ। ਅੱਗ ਦਾ ਜਾਣਾ ਰਹਿ ਦਾ ਸਮਝਾਵਾਂ।" ਪ੍ਰਮਾਣ—

"ਕਹਿ ਕਬੀਰ ਗੂੰਗੇ ਗੁੜ ਖਾਇਆ ਪੂਛੇ ਤੇ ਕਿਆ ਕਹੀਐ॥"

ਗੁਰਮੁਖ ਸੁਖ ਫਲ ਸ੍ਵਾਦ ਹੈ ਚਖਾਵੈ ਜਾਹਿ,
ਤਾਹਿ ਅਨਰਸ ਨਹੀ ਰਸਨਾ ਹਿਤਾਵਈ।

ਜਿਨ੍ਹਾਂ ਗੁਰਮੁਖਾਂ ਨੂੰ ਸਤਿਗੁਰਾਂ ਨੇ ਸੁਖ ਫਲ (ਸ੍ਵਾਦ ਦੇ) ਕ੍ਰਿਪਾ ਕਰਕੇ (ਚਖਾਵੈ) ਸੁਆਦ ਵਿਖਾਇਆ ਹੈ ਫੇਰ ਉਨ੍ਹਾਂ ਦੀ ਰਸਨਾ (ਜਿਹਬਾ) ਹੋਰ ਰਸਾਂ ਵਿਚ (ਹਿਤਾਵਈ) ਪ੍ਰੇਮ ਨਹੀਂ ਕਰਦੀ ਹੈ॥

ਗੁਰਮੁਖ ਸੁਖ ਫਲ ਅਗਾਹੁ ਗਹਾਵੈ ਜਾਹਿ,
ਸਰਬ ਨਿਧਾਨ ਪਰਸਨ ਕੌ ਨ ਧਾਵਈ।

ਜਿਨ੍ਹਾਂ ਗੁਰਮੁਖਾਂ ਨੂੰ ਸੁਖ ਫਲ ਸਤਿਗੁਰਾਂ ਨੇ (ਅਗਾਹੁ) ਜੋ ਫੜਿਆ ਨ ਜਾਏ, ਸੋ ਕੀ ? ਗਿਆਨ (ਗਹਾਵੈ) ਫੜਾਇਆ ਹੈ ਓਹ ਸਾਰਿਆਂ (ਨਿਧਾਨ) ਖਜ਼ਾਨਿਆਂ ਨੂੰ ਵੇਖਣ ਨਹੀਂ ਜਾਂਦੇ, ਭਾਵੇਂ ਕਿ ਜਿਨ੍ਹਾਂ ਨੂੰ ਗਿਆਨ ਦੀ ਪ੍ਰਾਪਤੀ ਹੋਈ ਹੈ ਓਹ ਸਾਰੇ ਸੰਸਾਰਕ ਪਦਾਰਥ ਝੂਠੇ ਜਾਣਦੇ ਹਨ ਅਰ ਓਨਾਂ ਦੇ (ਪਰਸਨ) ਵੇਖਣ ਨੂੰ ਨਹੀਂ ਦੌੜਦੇ॥

ਗੁਰਮੁਖ ਸੁਖ ਫਲ ਅਲਖ ਲਖਾਵੈ ਜਾਹਿ,
ਅਕਥ ਕਥਾ ਬਿਨੋਦ ਵਾਦੀ ਮਨ ਆਵਈ॥ ੨੦ ॥

ਜਿਨ੍ਹਾਂ ਗੁਰਮੁਖਾਂ ਨੂੰ ਸੁਖ ਫਲ ਸਤਿਗੁਰਾਂ ਨੇ (ਅਲਖ) ਸਰੂਪ ਵਾਹਿਗੁਰੂ ਵਿਖਾਇਆ ਹੈ, ਕਥਾ ਅਕਥ ਜੋ ਨਹੀਂ ਕਹੀ ਜਾਏ ਉਸਦਾ (ਬਿਨੋਦ) ਅਨੰਦ ਜੋ ਉਨ੍ਹਾਂ ਨੂੰ ਆਯਾ ਹੈ ਉਸਨੂੰ ਓਹੀ ਜਾਣਦੇ ਹਨ ਵਾ ਉਨ੍ਹਾਂ ਨੂੰ ਹੀ [illegible] ਆਉਂਦਾ ਹੈ। (ਬਿਨੋਦ—ਦਾ ਅਰਥ ਹੋਰ [illegible] ਹੈ)॥

ਜਿਗਿਆਸਾ

ਹੁਣ ਆਪ ਜਿਗਿਆਸੂ ਨਾਲੋਂ ਏਹੋ ਸ਼ੰਕਾ ਕਰਦੇ ਹਨ ਕਿ ਜਿਨ੍ਹਾਂ ਸਤਿਗੁਰਾਂ ਨੇ ਐਸੀ ਕ੍ਰਿਪਾ ਕੀਤੀ ਜੋ ਪਰਮਾਤਮਾ ਸਰਬ ਸ਼ਕਤੀਮਾਨ ਦਾ ਦਰਸ਼ਨ ਕਰਾਯਾ ਅਤੇ ਓਹ ਆਪ ਦਰਸ਼ਨ ਕਰਾਉਣ ਵਾਲੇ ਸਤਿਗੁਰੂ ਕੀ ਸਰੂਪ ਹਨ ? ਇਸ ਪਰ ਭਾਈ ਗੁਰਦਾਸ ਜੀ ਉੱਤਰ ਦਿੰਦੇ ਹਨ—

ਜੁਗਤਿ-ਸਿਧ ਨਾਥ ਜੋਗੀ ਜੋਗ ਧਿਆਨ ਮੈ ਨ ਆਨ ਸਕੈ, ਬੇਦ ਪਾਠ ਕਰ ਬ੍ਰਹਮਾਦਿਕ ਨ ਜਾਨੇ ਹੈ।

ਅਰਥ—ਜੋ ਤ੍ਰਿਕਾਲਦਰਸੀ ਸਿੱਧ, ਤੇ ਨਾਥ, ਜੋਗੀ ਆਦਿਕ ਜੋਗ ਵਿਚ ਧਿਆਨ ਲਾਉਣ ਵਾਲੇ ਹਨ ਜੋਗ ਵਿਚ ਜੁੜਕੇ ਜਿਸ ਵਾਹਿਗੁਰੂ ਅਕਾਲ ਪੁਰਖ ਨੂੰ ਧਿਆਨ ਵਿਚ ਨਹੀਂ ਲਿਆ ਸਕਦੇ, ਅਤੇ ਵੇਦਾਂ ਦਾ ਪਾਠ ਕਰਕੇ ਬ੍ਰਹਮਾ ਆਦਿਕ ਜਿਸ ਸਰੂਪ ਨੂੰ ਨਹੀਂ ਜਾਣ ਸਕਦੇ॥

ਅਧਯਾਤਮ ਗਿਆਨ ਕੈ ਨ ਸਿਵ ਸਨਕਾਦਿ ਪਾਏ, ਜੋਗ ਭੋਗ ਮੈ ਨ ਇੰਦ੍ਰਾਦਿਕ ਪਛਾਨੇ ਹੈਂ।

(ਅਧਯਾਤਮ) ਸਰੀਰ ਦਾ ਸੋਧਨ, ਨਿਉਲੀ ਕਰਮ, ਨੇਤੀ ਧੋਤੀ ਦੇ ਗਿਆਨ ਆਦਿਕ ਦੇ ਕਰਨ ਨਾਲ ਭੀ ਸ਼ਿਵਜੀ ਅਤੇ ਬ੍ਰਹਮਾ ਦੇ ਚਾਰ ਪੁਤ੍ਰ (ਸਨਕ ਸਨੰਦਨ, ਸਨਾਤਨ ਤੇ ਸਨਤ ਕੁਮਾਰ) ਨਹੀਂ ਪਾ ਸਕਦੇ, ਅਥਵਾ ਸਰੀਰਕ ਗਿਆਨ ਵੇਦਾਂਤ ਦਾ ਅਰਥ ਭੀ ਹੋ ਸਕਦਾ ਹੈ ਕਿ ਜੇਹੜੇ ਸ਼ਿਵਜੀ ਅਤੇ ਬ੍ਰਹਮਾ ਦੇ ਚੌਹਾਂ ਪੁਤ੍ਰਾਂ ਨੇ ਅੰਦਰਲੀਆਂ ਸਾਰੀਆਂ ਨਾੜੀਆਂ ਯੋਗਾਭਿਆਸ ਨਾਲ ਗਿਣ ਲੀਤੇ ਹਨ ਪਰ ਓਹ ਵਾਹਿਗੁਰੂ ਜੀ ਅੰਦਰ ਹਾਜ਼ਰ ਹੈ ਉਹਨੂੰ ਨਹੀਂ ਲੱਭ ਸਕਦੇ, ਅਤੇ (ਜੋਗ) ਜਗਤ ਦੇ ਭੋਗਾਂ ਵਿਚ ਲੱਗੇ ਹੋਏ ਇੰਦ੍ਰ ਆਦਿਕ ਭੀ ਉਸ ਵਾਹਿਗੁਰੂ ਨੂੰ ਨਹੀਂ (ਪਛਾਨੇ) ਜਾਣ ਸਕਦੇ ਅਥਵਾ (ਜੋਗ) ਜੋਗ ਆਦਿਕ ਦੇ ਭੋਗਾਂ ਵਿਚ ਲੱਗਕੇ ਨਹੀਂ ਜਾਣ ਸਕਦੇ ਭਾਵੇਂ ਏਹ ਜੋ ਤ੍ਰਾਟਕ ਆਦਿ ਭੀ ਜੋਗ ਕਰਦੇ ਕਰਾਉਂਦੇ ਰਹੇ ਪਰ ਵਾਹਿਗੁਰੂ ਜੀ ਦਾ ਭੇਦ ਨ ਪਾਯਾ॥

ਨਾਮ ਸਿਮਰਨ ਕੈ ਸੇਖਾਦਿਕ ਨ ਸੇਖਜ੍ਯੋਂ ਜਾਨੀ, ਬ੍ਰਹਮ ਚਰਜ ਕੈ ਕੈ ਨਾਰਦਾਦਿਕ ਹਿਰਾਨੇ ਹੈਂ।

ਅਤੇ ਨਾਮ ਨੂੰ ਜਪਕੇ ਸ਼ੇਸ਼ਨਾਗ ਆਦਿਕਾਂ ਨੇ ਭੀ ਸ੍ਰੀ ਵਾਹਿਗੁਰੂ ਜੀ ਦੇ ਨਾਮ ਦੀ (ਸੇਖਜਾ) ਗਿਣਤੀ ਨਹੀਂ ਜਾਣੀ, ਭਾਵੇਂ ਹਜ਼ਾਰ ਰਸਨਾ ਕਰਕੇ ਦੋ ਹਜ਼ਾਰ ਰੋਜ਼ਾਨਾ ਨਵਾਂ ਹੀ ਨਾਮ ਜਪਦਾ ਹੈ ਪਰ ਉਸ ਵਾਹਿਗੁਰੂ ਜੀ ਦਾ ਸ਼ੇਸ਼ ਨਾਗ ਭੀ ਅੰਤ ਨਹੀਂ ਪਾ ਸਕਦਾ ਹੈ। ਯਥਾ ਗੁਰਪ੍ਰਮਾਣ—"ਏਕ ਜੀਹ ਗੁਣ ਕਵਨੁ ਬਖਾਨੈ। ਸਹਸ ਫਨੀ ਸੇਖ ਅੰਤੁ ਨ ਜਾਨੈ। ਨਵਤਨ ਨਾਮੁ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ॥ ਮਾਰੂ ਸੋ ਮ ੫॥ ਅਤੇ ਬ੍ਰਹਮਚਰਜ ਵ੍ਰਤ ਨੂੰ ਧਾਰਨ ਕਰਕੇ (ਨਾਰਦਾਦਿਕ) ਨਾਰਦ ਆਦਿਕ ਭੀ (ਹਿਰਾਨੇ) ਹੈਰਾਨ ਹੋ ਗਏ। ਜੈਸਾ ਨਾਰਦ ਆਪਣੇ ਆਪਨੂੰ ਕਾਮ ਦੇ ਜੇਤੂ ਜਾਣਕੇ ਸ੍ਰੀ ਕ੍ਰਿਸ਼ਨ ਜੀ ਦੀਆਂ ਗੋਪੀਆਂ ਪਾਸ ਗਿਆ ਤਾਂ ਹਜ਼ਾਰਾਂ ਸੀ ਅਤੇ ਦ੍ਰਿਸ਼ਟਾਂਤ ਬਾਜ਼ੀ

ਵਿਸ਼ਨੂੰ ਕੋਲੋਂ ਜਨਮ ਲੈਣ ਗਿਆਂ ਸੀ ਤਾਂ ਵਿਸ਼ਨੂੰ ਨੇ ਨਾਰਦ ਨੂੰ ਦਰਬਾਰ ਦਾ ... ਹੋਰ ਸਾਰੀ ਮਾਇਆ ਦੀ ਬਣਾਕੇ ਰਾਜੀ ਕੀਤਾ। ਭਾਵ ਏਹ ਹੋਇਆ ਇਤਆਦਿਕ ਬ੍ਰਹਮਚਾਰੀ ਭੀ ਉਸ ਸ੍ਰੀ ਵਾਹਿਗੁਰੂ ਜੀ ਦਾ ਅੰਤ ਨਹੀਂ ਪਾ ਸਕੇ।

ਨਾਨਾ ਅਵਤਾਰ ਕੈ ਅਪਾਰ ਕੋ ਨ ਪਾਰ ਪਾਯੋ,
ਪੂਰਨ ਬ੍ਰਹਮ ਗੁਰ ਸਿੱਖ ਮਨ ਮਾਨੇ ਹੈਂ ॥ ੨੧ ॥

ਬਹੁਤ ਦੀ ਅਵਤਾਰ ਧਾਰਣ ਕਰਕੇ ਵਿਸ਼ਨੂੰ ਨੇ ਭੀ ਅਪਾਰ ਵਾਹਿਗੁਰੂ ਜੀ ਦਾ ਅੰਤ ਨਹੀਂ ਪਾਇਆ ਹੈ ਜਥਾ ਗੁਰ ਪ੍ਰਮਾਣ "ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ"। ... ਉਹ ਅਜਿਹਾ ਜੋ ਪੂਰਨ ਬ੍ਰਹਮ ਵਾਹਿਗੁਰੂ ਹੈ ਓਹੋ ਹੀ ਸਤਿਗੁਰੂ ਦਸ ਪਾਤਿਸ਼ਾਹੀਆਂ ਦਾ ਸਰੂਪ ਹੈ ਅਤੇ ਸਿਖ ਜਿਨਾਂ ਦੇ ਤਿਨਾ ਨੂੰ ਵਾਹਿਗੁਰੂ ਸਰੂਪ ਮਨ ਵਿਚ ਮੰਨਦੇ ਹਨ ॥ ੨੨ ॥

ਉਥਾਨਕਾ

ਪੂਰਨ ਭਾਈ ਗੁਰਦਾਸ ਜੀ ਜਿਗਿਆਸੂ ਦਲੀਲ ਕਰਕੇ ਆਖਦੇ ਹਨ ਕਿ ਆਪ ਨੇ ਇਹ ਦੱਸਿਆ ਹੈ ਕਿ ਜਿਨ੍ਹਾਂ ਦਾ ਸਿਧ, ਨਾਥ ਆਦਿ ਭੀ ਭੇਦ ਨਹੀਂ ਪਾ ਸਕਦੇ ਓਹ ਪੂਰਨ ਬ੍ਰਹਮ ਵਾਹਿਗੁਰੂ ਦੀ ਸਰੂਪ ਸਤਿਗੁਰੂ ਹਨ ਅਤੇ ਸਿਖ ਉਨ੍ਹਾਂ ਨੂੰ ਮਨ ਵਿਚ ਮੰਨਨ ਕਰਦੇ ਹਨ, ਸੋ ਉਨ੍ਹਾਂ ਗੁਰਮੁਖਾਂ ਦੇ ਗੁਣ ਵਾ ਲੱਛਣਾਂ ਦਾ ਵਰਨਨ ਕਰੋ ?

ਦੋਹਰਾ ॥ ਗੁਰ ਉਪਦੇਸ ਰਿਦੈ ਨਿਮ੍ਰਤ ਨਿਵਾਸ ਜਾਸ,
ਧਿਆਨ ਗੁਰ ਮੂਰਤਿ ਕੈ ਪੂਰਨ ਬ੍ਰਹਮ ਹੈ ॥

ਅਰਥ— ਜਿਨ੍ਹਾਂ ਗੁਰਮੁਖਾਂ ਦੇ ਰਿਦੇ ਵਿਚ ਸਤਿਗੁਰਾਂ ਦਾ ਉਪਦੇਸ ਹੈ, ਉਨ੍ਹਾਂ ਦਾ ਨਿਵਾਸ ਨਿਮ੍ਰਤਾ ਵਿਚ ਹੈ, ਅਤੇ ਫਿਰ ਪੂਰਨ ਬ੍ਰਹਮ ਜੋ ਸਤਿਗੁਰੂ ਹਨ ਉਨ੍ਹਾਂ ਦਾ ਰਿਦੇ ਵਿਚ (ਰਹਿ) ਪ੍ਰੇਮ ਨਾਲ ਧਿਆਨ ਕਰਦੇ ਹਨ, ਵਾ ਪੂਰਨ ਬ੍ਰਹਮ ਨੂੰ ਸਤਿਗੁਰੂ ਰੂਪ ਜਾਣਕੇ ਧਿਆਨ ਕਰਦੇ ਹਨ, ਵਾ ਮੂਰਤਿ ਗਿਆਨ ... ਦਾ ਗੁਰੂ ਦੁਆਰ ਧਿਆਨ ਕਰਦੇ ਹਨ ਅਥਵਾ ... ਭੀ ਆਖਦੇ ਹਨ ਕਿ (ਮੂ ਰਤਿ) ... ਅਜਿਹੇ ਸਤਿਗੁਰਾਂ ਅਰ ਗੁਰ ਸਿਖਾਂ ਨਾਮ ਹੈ।

ਗੁਰਮੁਖ ਸਬਦ ਸੁਰਤਿ ਉਨਮਾਨ ਵਰਨਨ

ਨੋਟ—ਸਫਾ ੩੯ ਕਬਿਤ ... ਦੀ ਚੌਥੀ ਪੰਕਤੀ ਵਿਚ ਲਿਖੇ ... "ਮਾਯਾ ਮੈ ਦਿਖਾਵੈ ਸੋ ਤੌ ਅਲਖ ਨ ਪਾਵਈ" ਪਾਠ ਜੋ ਆਂਦਾ ਹੈ ਸੋ ਉਸ ਦਾ ਅਰਥ ਏਹ ਸਮਝਣਾ ਕਿ—ਜਿਸ ਨੂੰ ਵਾਹਿਗੁਰੂ (ਮਾਇਆ) ਸੰਸਾਰ ਵਿਚ ਦਿਖਾਵੇ, ਸੋ ਉਸ ਜਿਹੇ ਨਹੀਂ ਪਾਉਂਦਾ।

ਸਹਜਿ ਸੁਭਾਇ ਸਰਬਾਤਮ ਕੈ ਰਾਮ ਹੈ ।

ਗੁਰਮੁਖਾਂ ਨੇ ਸਤਿਗੁਰਾਂ ਜੀ ਦੇ ਬਖਸ਼ੇ ਉਪਦੇਸ਼ ਦੁਆਰਾ (ਸੁਰਤਿ) ਬਿਰਤੀ ਲਾਈ, ਇਸ ਲਈ ਉਨ੍ਹਾਂ ਨੂੰ (ਉਨਮਾਨ ਤਥਾ ਉਨਮਨੀ) ਤੁਰੀਆ ਪਦ ਦਾ ਗਿਆਨ ਹੋਇਆ, ਅਤੇ (ਸਹਜਿ) ਸ਼ਾਂਤੀ ਦਾ ਸੁਭਾਵ ਸੁਭਾਉ ਵਾਲੇ ਹੋਏ, ਅਤੇ (ਸਰਬਾਤਮ ਕੌ) ਸਭ ਵਿਚ ਆਤਮਾ ਵਿਚ ਰਾਮ ਸਭ ਜਗ ਚੇਤਨ ਵਿਚ ਆਪਣੇ ਆਪ ਨੂੰ ਜਾਣਦੇ ਹਨ ਅਤੇ ਕਿਸੇ ਨੂੰ ਦੁਖ ਨਾ ਦਿੰਦੇ ਹੋਏ ਨਾਮ ਦੇ ਧਿਆਨ ਵਿਚ ਗੁਰਮੁਖ ਜਨ ਮਗਨ ਰਹਿੰਦੇ ਹਨ ॥

ਹਉਮੈ ਤਿਆਗ ਤਿਆਗੀ ਬਿਸਮਾਦ ਕੈ ਬੈਰਾਗੀ ਭਏ

ਮਨ ਉਨਮਨਿ ਲਿਵ ਗੰਮਤਾ ਅਗੰਮ ਹੈ ॥

ਹਉਮੈ ਨੂੰ ਛੱਡਕੇ ਤਿਆਗੀ ਹੋਏ, ਜਾਂ ਹਉਮੈ ਹੋਰਨਾਂ ਵਾਸਤੇ ਛੱਡੀ ਅਤੇ (ਬਿਸਮਾਦ) ਝੂਠੇ ਸੰਸਾਰ ਤੋਂ ਵੈਰਾਗੀ ਹੋਏ ਭਾਵ ਅਵਸਥਾ ਤੋਂ ਮਨ ਨੂੰ ਉਪਰਾਮ ਕੀਤਿਆਂ ਦਾ ਰਿਦੇ ਕਰਕੇ (ਬਿਸਮਾਦੀ) ਵਾਹਿਗੁਰੂ ਅਕਾਲ ਪੁਰਖ ਦੇ (ਬੈਰਾਗੀ) ਪ੍ਰੇਮੀ ਹੋਏ ਅਤੇ ਮਨ ਦੀ (ਲਿਵ) ਬਿਰਤੀ (ਉਨਮਨੀ) ਤੁਰੀਆ ਪਦ ਸੰਬੰਧੀ ਸਮਾਧੀ ਉਸ ਵਿਚ (ਗੰਮਤਾ) ਪ੍ਰਾਪਤੀ ਹੋ ਰਹੀ ਹੈ ਜਾਂ ਮਨ ਵਾਹਿਗੁਰੂ ਵਿਚ ਲੱਗਾ ਹੋਇਆ ਹੈ ਅਤੇ ਆਪ ਭੀ ਗੰਮਤਾ ਤੋਂ ਅਗੰਮ ਹਨ, ਭਾਵਾਰਥ ਕਿ ਉਨ੍ਹਾਂ ਨੂੰ ਕੋਈ ਪਹੁੰਚ ਨਹੀਂ ਸਕਦਾ ਅਤੇ ਨਾਹੀਂ ਉਨ੍ਹਾਂ ਦਾ ਕੋਈ ਭੇਦ ਪਾ ਸਕਦਾ ਹੈ ।

ਸੂਖਮ ਸਥੂਲ ਮੂਲ ਏਕ ਹੀ ਅਨੇਕ ਮੇਕ,

ਜੀਵਨ ਮੁਕਤਿ ਨਮੋ ਨਮੋ ਨਮੋ ਨਮ ਹੈ ॥ ੨੨ ॥

(ਮੂਲ) ਅਧਿਸ਼ਠਾਨ ਸੋ ਇਕ ਹੀ ਵਾਹਿਗੁਰੂ ਹੈ ਜਿਹੜੇ ਜੋ ਅਨੇਕ ਸੂਖਮਾਂ ਤੇ ਅਸਥੂਲਾਂ ਵਿਚ (ਮੇਕ) ਮਿਲਿਆ ਹੋਇਆ ਹੈ, ਜਿਨ੍ਹਾਂ ਨੇ ਇਹ ਰੂਪ ਜਾਣਿਆ ਹੈ ਓਹ ਜੀਉਂਦੇ ਹੀ ਮੁਕਤ ਹਨ ਭਾਵਾਰਥ ਕਿ ਓਹ ਸੰਸਾਰ ਵਿਚ ਰਹਿਕੇ ਵਾਹਿਗੁਰੂ ਨੂੰ ਪ੍ਰਾਪਤ ਹੋਏ ਹਨ । ਇਸ ਲਈ ਉਨ੍ਹਾਂ ਨੂੰ ਮਨ, ਬਾਣੀ, ਸਰੀਰ ਤਥਾ ਮਨ ਤਨ ਧਨ ਨਾਲ ਮੇਰੀ ਨਮਸਕਾਰ ਹੈ, ਅਥਵਾ ਉਸ ਵਾਹਿਗੁਰੂ ਜੀ ਨੂੰ ਭੀ ਨਮਸਕਾਰ ਹੈ । ਸਤਿਗੁਰੂ ਜੀ ਨੂੰ ਭੀ ਨਮਸਕਾਰ ਹੈ, ਉਨ੍ਹਾਂ ਗੁਰਮੁਖਾਂ ਨੂੰ ਭੀ ਨਮਸਕਾਰ ਹੈ ਅਤੇ ਜਿਹੜੀਆਂ ਉਨ੍ਹਾਂ ਗੁਰਮੁਖਾਂ ਨੇ ਪਾਤਕਾਂ ਪਾਪੀਆਂ ਭੁਲਾ ਦਿੱਤੀਆਂ ਹਨ ਉਨ੍ਹਾਂ ਨੂੰ ਭੀ ਮੇਰੀ ਨਮਸਕਾਰ ਹੈ ॥ ੨੨ ॥

ਉਥਾਨਕਾ

ਪ੍ਰਸ਼ਨ ਆਪ ਵਰਣਨ ਕਰਦੇ ਹਨ ਕਿ ਗੁਰਮੁਖਾਂ ਦੀ ਅਜਿਹੇ ਸੇ ਪਦ ਅਵ ਹੈ ਕਿ ਅਸੀਂ ਅਜਿਹੇ ਗੁਰਮੁਖਾਂ ਦੀ ਸੰਗਤ ਵਿਚ ਭੀ ਰਹਿੰਦੇ ਹਾਂ ਕੋਈ ਸੁਣਿਆਂ ਅਸੀਂ ਨਾਹੀਂ ਗੁਰਸਿਖੀ ਪਾਈ, ਇਸ ਲਈ ਸਾਡੇ ਨਾਲ ਕੀ ਇਹਨਾ

ਇਕ ਪਸ਼ੂਆਂ ਦੀਆਂ ਜੂਨਾਂ ਵੀ ਨਹੀਂ ਹਨ ਜਿਵੇਂ ਜੋ ਓਹ ਆਪਣੇ ਪਿਆਰਿਆਂ ਨਾਲ ਪ੍ਰੇਮ ਨੂੰ ਪੂਰਾ ਨਿਬਾਹ ਲਵੇ ਅਤੇ ਸਨਮੁਖ ਰਹਿ ਕਰੇ ।

ਕਬਿੱਤ--ਦਰਸਨ ਜੋਤਿ ਨ ਜੋਤੀ ਸ੍ਵਰੂਪ ਹ੍ਵੈ ਪਤੰਗ, ਸਬਦ ਸੁਰਤਿ ਮ੍ਰਿਗ ਜੁਗਤਿ ਨ ਜਾਨੀ ਹੈ ।

ਅਰਥ (ਜੋਤੀ) ਦੀਵੇ (ਜੋਤਿ) ਪ੍ਰਕਾਸ਼ ਵਾਲੇ ਦਾ ਦਰਸ਼ਨ ਕਰਕੇ ਪਤੰਗਾ ਉਹਦਾ ਰੂਪ ਤਾਂ ਨਾ ਬਣਿਆ ਪਰ ਉਹਦੇ ਉਤੇ ਆਪਣੇ ਆਪ ਸਾੜ ਲਿਆ, ਪਰ ਏਹ ਨਾ (ਜੁਗਤਿ) ਜਾਤਾ ਕਿ ਮੈਂ ਪਹਿਲੇ ਮੁੜ ਕੇ ਅਗੋਂ ਸੜ ਮਰਾਂਗਾ। ਅਰਥਾਤ ਦੀਵੇ ਨੇ ਉਹਨੂੰ ਆਪਣਾ ਰੂਪ ਤਾਂ ਨਾ ਕੀਤਾ ਪਰ ਇਹਨੇ (ਪਤੰਗੇ) ਪਿਛਾ ਨਾ ਛਡਿਆ, ਭਾਵ ਹਥ ਕਿ ਸਤਿਗੁਰੂ ਪ੍ਰਕਾਸ਼ ਵਾਲਿਆਂ ਕੋਲ ਮੈਂ ਰਹਿ ਕੇ ਉਨ੍ਹਾਂ ਵੀ ਨਾ ਸਿਆਣਾ ਬਣਾਏ ਅਤੇ ਨਾਹੀ ਉਨ੍ਹਾਂ ਵਿਚ ਅਭੇਦ ਹੋਯਾ, ਇਸ ਕਰਕੇ ਮਰ ਜਾਣੇ ਤਾਂ ਪਤੰਗਾ ਹੀ ਚੰਗਾ ਹੋਯਾ, ਫੇਰ (ਮ੍ਰਿਗ) ਹਰਨ (ਸਬਦ) ਘੰਡੇਹੇੜੇ ਦੀ ਅਵਾਜ਼ ਨੂੰ (ਸੁਰਤਿ) ਕੰਨਾਂ ਨਾਲ ਪ੍ਰੇਮ ਕਰਕੇ ਸੁਣਦਾ ਹੈ ਪਰ ਮਰ ਜਾਣ ਦੀ ਜੁਗਤੀ ਨਹੀਂ ਜਾਣਦਾ, ਭਾਵ ਏਹ ਹੈ ਕਿ ਉਸ ਸਬਦ ਦੇ ਪ੍ਰੇਮ ਵਿਚ ਆਕੇ ਆਪਣਾ ਆਪ ਅਰਪਣ ਤਾਂ ਕਰ ਦਿੰਦਾ ਹੈ ਪਰ ਪਿੱਛਾ ਨਹੀਂ ਦਿੰਦਾ ਅਰ ਨਾ ਉਸ ਘੰਡੇ ਹੇੜੇ ਨੇ ਹਰਨ ਨੂੰ ਆਪਣਾ ਰੂਪ ਤਾਂ ਨਾ ਕਰ ਲੀਤਾ ਨਾ ਫਿਰ ਉਹਦਾ ਰੂਪ ਨਾ ਹੋਯਾ ਪਰ ਸਨਮੁਖ ਤਾਂ ਨਾ ਰਹਿਆ ॥

ਚਰਨ ਕਮਲ ਮਕਰੰਦ ਮਧੁਕਰ ਚਾਹਿ, ਬਿਰਹ ਬਿਓਗ ਹ੍ਵੈ ਨ ਮੀਨ ਮਰ ਜਾਨੀ ਹੈ ।

(ਚਰਨ) ਇਧਰ ਦਾ ਤੁਰਿਆ ਫਿਰਦਾ ਹੋਯਾ ਕਮਲ ਦੀ (ਮਕਰੰਦ) ਸੁਗੰਧੀ ਪੀਵਣਾ ਵਾਸਤੇ (ਮਧੁਕਰ) ਭੌਰਾ (ਚਾਹਿ) ਪ੍ਰਾਪਤ ਹੋਕੇ ਕਮਲ ਪਾਸ ਆਯਾ ਅਤੇ ਆਪਣਾ ਆਪ ਫਸਾ ਦਿਤਾ ਪਰ ਸਨਮੁਖ ਨਾ ਹੋਯਾ । ਭਾਵਾਰਥ ਏਹ ਕਿ ਜਦੋਂ ਸੂਰਜ ਡੁਬਦਾ ਹੈ ਤਾਂ ਕਮਲ ਮੁੰਦੇ ਜਾਂਦੇ ਹਨ ਤੇ ਭੌਰੇ ਵਿਚੇ ਹੀ ਰਹਿ ਜਾਂਦੇ ਹਨ, ਸੋ ਭਾਵੇਂ ਉਸ ਫੁਲ ਦਾ ਰੂਪ ਤਾਂ ਭੌਰਾ ਨਾ ਹੋਯਾ ਅਤੇ ਨਾ ਉਸਨੇ ਇਹਨੂੰ ਆਪਣਾ ਰੂਪ ਕੀਤਾ, ਪਰ ਏਹ ਭੌਰਾ ਤਾਂ ਬੇਮੁਖ ਨਾ ਬਣਿਆ । ਸਿਖਾਂ ਨੂੰ ਸ਼ੋਕ ਹੈ ਕਿ ਮੈਂ ਸਤਿਗੁਰਾਂ ਦੇ ਚਰਨ ਕਮਲਾਂ ਦੀ ਧੂੜੀ ਉਤੇ ਭੌਰੇ ਵਾਂਗੂ ਆਪਣੇ ਮਨ ਨੂੰ ਨਾ ਫਸਾਯਾ ਅਤੇ (ਮੀਨ) ਮਛੀ ਆਖਦੀ ਹੈ ਕਿ ਮੈਨੂੰ (ਬਿਰਹ) ਜਲਦਾ (ਬਿਓਗ) ਵਿਛੋੜਾ ਨਾ ਹੁਵੇ ਕਿਉਂ ਜੋ ਓਹ ਜਾਣਦੀ ਹੈ ਕਿ ਮੈਂ ਪਾਣੀਓਂ ਬਾਹਰ ਮਰ ਜਾਵਾਂਗੀ, ਭਾਵੇਂ ਉਸ ਜਲ ਨੇ ਮਛੀ ਨੂੰ ਆਪਣਾ ਰੂਪ ਨਾ ਕਰ ਲਿਆ ਅਤੇ ਨਾਹੀ ਏਹ ਮਛੀ ਜਲ ਦਾ ਰੂਪ ਹੋ ਗਈ ਪਰੰਤੂ ਆਪਣੇ ਆਪਨੂੰ ਵਿਮੁਖ ਨਾ ਕਰਾਇਆ ॥

ਏਕ ਏਕ ਟੇਕ ਨ ਟਰਤ ਹੈ ਤ੍ਰਿਗਾਦ ਜੋਨਿ,
ਚਾਤ੍ਰਿਕ ਚਤੁਰ ਚੂਨ ਹੋਇ ਨ ਹਿਰਾਨੇ ਹੈਂ ॥

(ਭਾਈ ਸਾਹਿਬ ਭਾਈ) ਗੁਰਦਾਸ ਜੀ ਆਖਦੇ ਹਨ ਕਿ ਏਨ੍ਹਾਂ ਜੋਨਾਂ (ਪਤੰਗ ਹਰਨ, ਭੌਰਾ, ਮੱਛੀ) ਨੂੰ ਇਕ ਇਕ ਟੇਕ ਆਸਰੇ ਦਾ ਦ੍ਰਿੜ੍ਹਤਾ ਅਜਿਹੀ ਪਈ ਹੋਈ ਹੈ ਜੋ ਉਸਦੇ (ਟੇਕ) ਆਸਰੇ ਤੋਂ ਬਿਨਾ ਨਹੀਂ ਰਹਿ ਸਕਦੇ ਭਾਵ ਓਹ ਉਸਤੋਂ ਟਲਦੇ ਨਹੀਂ ਹਨ ਭਾਵੇਂ ਓਨ੍ਹਾਂ ਨੂੰ ਕਿਤਨਾ ਹੀ ਦੁਖ ਕਿਉਂ ਨਾ ਹੋਵੇ। (ਤ੍ਰਿਗਾਦ ਜੋਨਿ) ਟੇਢੀਆਂ ਜੂਨਾਂ, ਐਹੋ ਹੀ ਮੱਛੀ ਆਦਿਕ। (ਟੇਕ ਦਾ ਦੂਜੀ ਅਰਥ ਆਸਰਾ ਹੈ) ਹੁਣ ਆਖਦੇ ਹਨ ਕਿ (ਚਾਤ੍ਰਿਕ) ਜੋ ਆਦਮੀ ਹਨ ਓਨ੍ਹਾਂ ਵਰਗੇ ਚਤੁਰ ਗੁਣ ਨਹੀਂ ਹਿਦੇ ਵਾ ਓਹ ਜੋ (ਚਾਤ੍ਰਿਕ) ਸਿਆਣੇ (ਚਤੁਰ) ਜਾਂ ਮੱਛੀ ਆਦਿਕ ਹਨ ਓਨ੍ਹਾਂ ਵਰਗੇ ਗੁਣ ਇਸ ਮਨੁਖ ਵਿਮੁਖ ਵਿਚ ਨਹੀਂ ਹੁੰਦੇ ਇਹ ਮੈਨੂੰ (ਹੈਰਾਨੇ) ਅਸਚਰਜ, ਹੈਰਾਨਗੀ ਲੱਗੀ ਹੋਈ ਹੈ ॥

ਪ੍ਰਾਹਨ ਕਠੋਰ ਸਤਿਗੁਰ ਸੁਖ ਸਾਗਰ ਮੈਂ,
ਸੁਨ ਮਮ ਨਾਮ ਜਮ ਨਰਕ ਲਜਾਨੇ ਹੈਂ ॥ ੨੩ ॥

ਹੁਣ ਆਖਦੇ ਹਨ ਕਿ ਓਹ ਮੱਛੀ ਆਦਿਕ ਜੀਵ ਤਾਂ ਇਤਨਾ ਕਰਦੇ ਸਨ ਸੋ, ਪਰ ਓਹਨਾਂ ਆਪਣਾ ਇਕਰਾਰ ਪੂਰਾ ਕੀਤਾ, ਸੋ ਅਸੀਂ ਭੀ ਸਰੀਰ ਕਰਕੇ ਕਠੋਰ ਪੱਥਰ ਹਾਂ ਕਿਉਂ ਜੋ ਸਤਿਗੁਰੂ ਸੁਖਾਂ ਦੇ (ਸਾਗਰ) ਸਮੁੰਦਰ ਹਨ, ਓਹਨਾਂ ਵਿਚ ਭੀ ਅਸੀਂ ਕਦਿਕ ਨਰਮ ਨਾ ਹੋਏ। ਭਲਾ ਪੱਥਰ ਕਿਤੇ ਪਾਣੀ ਵਿਚ ਭਿਜਦਾ ਹੈ ? ਜਥਾ ਪ੍ਰਮਾਣ ਵਾਰਾਂ ਦਾ—'ਪੱਥਰ ਮੂਲਿ ਨ ਭਿਜਈ ਸੈ ਵਰ੍ਹਿਆਂ ਜਲ ਅੰਦਰ ਵਸੈ" ਮੇਰਾ ਨਾਉਂ ਸੁਣਕੇ ਭੀ (ਜਮ) ਧਰਮ ਰਾਜਾ ਅਤੇ ਨਰਕ ਭੀ (ਲਜਾਨੇ) ਲੱਜਿਆ ਭਾਵ ਭੈਰਦੇ ਹਨ ਕਿ ਅਜਿਹਾ ਪਾਪੀ ਸਾਡੇ ਵਿਚ ਨਾ ਆਵੇ ਪਵੇ ਜੋ ਅਸਾਨੂੰ ਭੀ ਦੁਖ ਦੇਵੇਗਾ। ਭਾਵਾਰਥ ਕਿ ਭਾਈ ਜੀ ਆਪਣੀ ਨਿੰਮ੍ਰਤਾ ਨਿਰੂਪਣ ਕਰਦੇ ਹਨ, ਅਤੇ ਜੀਵਾਂ ਦੀ ਕਠੋਰ ਬੇਮੁਖਤਾਈ ਦਸਦੇ ਹਨ ॥ ੨੩ ॥

ਉਥਾਨਕਾ

ਹੁਣ ਭਾਈ ਗੁਰਦਾਸ ਜੀ ਸਤਿਗੁਰਾਂ ਜੀ ਦੀ ਸਿਖਯਾ ਧਾਰਨ ਕਰਨ ਦਾ ਮਹਾਤਮ ਕਥਨ ਕਰਦੇ ਹਨ ॥

ਕ: ॥ ਗੁਰਮਤਿ ਸਤਿ ਕਰ ਬੈਰਭਾਉ ਅਚਲ ਭਏ,
ਮਹਾਂ ਮਲ ਮੂਤ੍ਰ ਧਾਰੀ ਨਿਰਮਲ ਕੀਨੇ ਹੈਂ ॥

ਅਰਥ—ਭਾਈ ਸਾਹਿਬ ਆਖਦੇ ਹਨ ਕਿ (ਗੁਰਮਤਿ ਸਤਿਕਰ) ਸਤਿਗੁਰਾਂ ਦੀ

ਜੋ ... ਗੁਰਸਿਖ ਨਾਲ ਜੀ ਸਤਿਗੁਰੂ ਜੀ ਦੇ ਉਪਦੇਸ਼ (ਗੁਰਮਤਿ) ਸਿਆਣਾ ਕਰਕੇ (ਜੋਨਿ) [illegible] (ਅਜੋਨਿ) ਪਹੁੰਚ ਗਏ, ਕਾਰਣ ਇਹ ਕਿ ਜਦ ਸਤਿਗੁਰਾਂ ਦਾ ਉਪਦੇਸ਼ ਲੀਤਾ ਤੇ ਇਸ ... ਕਰਕੇ ... ਆਨੰਦ ... ਅਕਾਲ (ਅਕਾਲ ਪੁਰਖ) ... ਉਪਦੇਸ਼ ਨੇ ਉਹ ਜੀਵ ਸ਼ੁਧ ਕਰ ਦਿੱਤੇ ॥

ਗੁਰਮਤਿ ਸਤਿਕਰ ਜੋਨਿ ਕੈ ਅਜੋਨਿ ਭਏ,
ਕਾਲ ਸੇ ਅਕਾਲ ਹ੍ਵੈ ਕੈ ਅਮਰ ਪਦ ਚੀਨੇ ਹੈਂ ॥

ਫਿਰ ਸਤਿਗੁਰ ਉਪਦੇਸ਼ ਦਾ ਸਿਖਣਾ ਨੂੰ (ਸਤਿ) ਨਿਸਚੇ ਕਰਕੇ (ਜੋਨਿ ਕੇ ਅਜੋਨਿ ਭਏ) ਗੁਰਸਿਖ ਜੋ ਜੂਨੀ ਭਾਵ ਜਨਮ ਮਰਨ ਤੋਂ ਰਹਿਤ ਹੋ ਗਏ ਅਤੇ ਫੇਰ ... ਹੋ ਗਏ ... ਕਿ ਜਮ ਭੀ ਉਹਨਾਂ ਨੂੰ ਨਹੀਂ ਮਾਰ ਸਕਿਆ ਅਥਵਾ ਉਹਨਾਂ ਨੂੰ ਦਿੱਤਾ ਸਾਨ ਭੀ ਦੁਖ ਨਾ ਦਿੰਦਾ ਹੋਇਆ। ਸਤਿਗੁਰਾਂ ਦੇ ਸ੍ਰੇਸ਼ਟ ਉਪਦੇਸ਼ ਨੇ (ਅਮਰ ਪਦ) ਸਰੂਪ ਵਾਹਿਗੁਰੂ ਦੀ ਪ੍ਰਾਪਤੀ ਦੇ ਗੁਰਾਂ ਦਾ ਅਧਿਕਾਰੀ ਕਰ ਦਿਤਾ ॥

ਗੁਰਮਤਿ ਸਤਿ ਕਰ ਹੌਮੈ ਖੋਇ ਹੋਇ ਰੇਨੁ,
ਤ੍ਰਿਕੁਟੀ ਤ੍ਰਿਬੇਨੀ ਪਾਰ ਆਪਾ ਆਪ ਚੀਨੇ ਹੈਂ ॥

ਜਦ ਸਤਿਗੁਰਾਂ ਦਾ ਉਪਦੇਸ਼ (ਸਤਿ) ਨਿਸਚੇ, ਧਾਰਨ ਕੀਤਾ ਤਾਂ ਹੰਕਾਰ ਨੂੰ ਦੂਰ ਕਰਕੇ ਸਭ ਦੇ ਚਰਨਾਂ ਦੀ (ਰੇਨੁ) ਧੂੜੀ ਹੋਏ, ਫੇਰ ਭਗਤੀ ਦੀ ਸਿਖਿਆ ਦੇ (ਤ੍ਰਿਕੁਟੀ) ਇੜਾ ਇਕ, ਪਿੰਗਲਾ ਦੋ, ਸੁਖਮਨਾ ਤਿੰਨ, ਜੋ ਤਿੰਨ ਨਦੀਆਂ ਹਨ ਉਹਨਾਂ ਤੋਂ ਪਾਰ ਜਾ (ਆਪਾ ਆਪ) ਆਪਣਾ ਆਪ ਵਾਹਿਗੁਰੂ ਹੀ ਉਹਨੀ ਜਾਣਿਆ। (ਤ੍ਰਿਬੇਨੀ) ਤਿੰਨਾਂ ਨਦੀਆਂ (ਗੰਗਾ, ਜਮਨਾ, ਸੁਰਸ੍ਵਤੀ) ਦਾ ਜੋ ਇਕੱਠ ਹੈ ਉਸਦਾ ਨਾਮ ਪ੍ਰਯਾਗ ਹੈ, ਤਾਤਪਰਜ ਕਿ ਇੜਾ, ਪਿੰਗਲਾ, ਸੁਖਮਨਾ ਤੋਂ ਜੋ ਪਾਰ ਹੈ ਦਸਵਾਂ ਦੁਆਰ ਉਹਨੂੰ ਵੇਖਿਆ ਦਾ (ਤ੍ਰਿਕੁਟੀ) ਤਿੰਨ ਗੁਣ ਜੋ ਸੰਸਾਰ ਹੈ ਉਸ ਤੋਂ ਪਾਰ ਹੋ ਕੇ ਆਪਣਾ ਆਪ ਸਰੂਪ ਵੇਖਿਆ ॥

ਗੁਰਮਤਿ ਸਤਿ ਕਰ ਬੰਧਨ ਅਬੰਧਨ ਭੇ,
ਭ੍ਰਮ ਨਿਵਾਰ ਭਾਵ ਨਿਰਭੈ ਕੈ ਲੀਨੇ ਹੈਂ ॥੫੪॥

ਜਦ ਸਤਿਗੁਰਾਂ ਦਾ ਉਪਦੇਸ਼ ਨਿਸਚੇ ਧਾਰਨ ਕੀਤਾ ਤਾਂ ਚਾਰੋਂ ਬਰਨਾਂ (ਖਤ੍ਰੀ, ਬ੍ਰਾਹਮਣ, ਸ਼ੂਦ੍ਰ ਤੇ ਵੈਸ਼) ਦਾ ਹੰਕਾਰ ਦੂਰ ਹੋ ਗਿਆ ਭਾਵ [illegible] ਜਾਣਦਾ ਸੀ ਕਿ ਮੈਂ ਉਚੀ ਕੁਲ ਦਾ ਹਾਂ, ਪ੍ਰੰਤੂ ਜਦ ਤੋਂ ਸਤਿਗੁਰੂ ਦਾ ਉਪਦੇਸ਼

ਛੁਟਿਆ ਹੈ, ਭਾਵੇਂ ਉਹ ਬ੍ਰਹਮ ਵਿਚਾਰ ਕਰਦਾ ਹੋਇਆ ਅਬਿਦਯਾ ਸ਼ਕਤੀ ਤੋਂ ਅਰ ਗਿਆਤ ਮਹਿਮਾ ਵਾਲੀ ਹੋਏ ਤੇ ਬ੍ਰਹਮ ਗਿਆਨੀਆਂ ਦੇ ਰਹਿਤ ਹੋਏ ਭਾ ਸਰੀਰ ਦੀ ਸੰਖਯਾ ਤੋਂ ਰਹਿਤ ਹੋਏ ਅਤੇ ਜਨਮ ਮਰਨ ਦਾ (ਭੈ) ਡਰ ਭੀ ਨਿਵਾਰਿਆ, ਯਥਾ ਗੁਰ ਪ੍ਰਮਾਣ—"ਦੂਤ ਕਹਾਂ ਰਹੇ ਅਨ ਤੋ ਧਾਏ" ਅਤੇ ਭ੍ਰਮ (ਜਾਂ ਭੈ) ਜੋ ਸੂਰ ਦਾ (ਭਾਰ) ਸ਼ੁਦ ਵਿਚ ਅਤਿ ਸਤਿਗੁਰਾਂ ਨੇ ਬਿਨਾਂ ਡਰ ਤੋਂ ਕਰ ਲਿਆ ਯਥਾ—"ਨਿਰਭਉ ਹੋਆ ਭਰਮੁ ਉਰ ਹੁਇ ਗਇਆ" ਅਥਵਾ ਵਾਹਿਗੁਰੂ (ਨਿਰਭੈ) ਵਿਚ ਲੀਨ ਕਰ ਦਿਤਾ। ੨੪।

ਗੁਰਮਤਿ ਸਤਿ ਕਰ ਅਧਮ ਅਸਾਧ ਸਾਧ,
ਗੁਰਮਤਿ ਸਤਿ ਕਰ ਸੰਤ ਸੰਤ ਨਾਮ ਹੈ ॥

(ਭਾਈ ਗੁਰਦਾਸ ਜੀ ਪਿਛਲੇ ਪ੍ਰਸੰਗ (ਗੁਰਮਤ, ਗੁਰ ਉਪਦੇਸ਼ ਜਾਂ ਗੁਰਾਂ ਦੀ ਸਿਖਿਆ ਦਾ ਮਹਾਤਮ ਦਸਦੇ ਆਏ ਹਨ) ਆਪ ਆਖਦੇ ਹਨ ਕਿ ਗੁਰਾਂ ਦੀ ਸਿਖਿਆ ਧਾਰਨ ਨਾਲ ਪਹਿਲੇ ਸਮੇਂ ਵਿਚ ਭਾਵੇਂ ਜੀਵ (ਅਸਾਧ) ਮਾੜੇ ਕਰਮ ਕਰਨ ਵਾਲੇ ਸਨ ਪਰ ਗੁਰ ਉਪਦੇਸ਼ ਦੇ ਪ੍ਰਤਾਪ ਨਾਲ (ਸਾਧ) ਸਾਧਨਾ ਕਰਨ ਵਾਲੇ ਹੋ ਗਏ ਭਾਵੇਂ ਉਹ ਪਹਿਲੇ ਸੰਸਾਰੀ ਜੀਵ ਮਾੜੇ ਕਰਮ ਕਰਦੇ ਸੀ ਪਰ ਗੁਰ ਸਿਖਿਆ ਨਿਸਚੇ ਕਰਨ ਨਾਲ ਚੰਗੇ ਕੰਮ ਕਰਨ ਲਗ ਪਏ ਤੇ ਫਿਰ ਭਾਵੇਂ ਪਹਿਲੇ (ਅਧਮ) ਪਾਪੀ ਜੀਵ ਸੰਤ ਸਨ ਪਰ ਗੁਰਾਂ ਦੀ ਸਿਖਿਆ ਨਿਸਚੇ ਕਰਨ ਨਾਲ ਓਹ ਸੰਤ ਨਾਮ ਵਾਲੇ ਧਾਰਮੀ ਮਹਾਤਮਾ ਬਣ ਗਏ ਭਾਵ ਕਿ ਪਾਪੀ ਵੀ ਸੰਤ ਬਣ ਗਏ ॥

ਗੁਰਮਤਿ ਸਤਿ ਕਰ ਅਬਿਬੇਕੀ ਹੈ ਬਿਬੇਕੀ,
ਗੁਰਮਤਿ ਸਤਿ ਕਰ ਕਾਮ ਨਿਹਕਾਮ ਹੈ ॥

(ਅਬਿਬੇਕੀ) ਵਿਚਾਰ ਤੋਂ ਰਹਿਤ ਸੀ ਭਾਵੇਂ ਪਹਿਲੇ ਪਰ ਗੁਰ ਸਿਖਿਆ ਨੂੰ ਨਿਸਚੇ ਕਰਨ ਨਾਲ (ਬਿਬੇਕੀ) ਵਿਚਾਰ ਵਾਲੇ ਹੋ ਗਏ ਫਿਰ ਪਹਿਲੇ ਪਲਕ ਵਿਚ ਭਾਵੇਂ (ਕਾਮ) ਕਾਮਨਾ ਕਰਨ ਵਾਲੇ ਜੀਵ ਸਨ ਪਰ ਗੁਰਾਂ ਦੀ ਸਿਖਿਆ ਨਿਸਚੇ ਕਰਨ ਨਾਲ ਓਹ (ਨਿਹਕਾਮ) ਬਿਨਾ ਕਾਮਨਾ ਤੋਂ ਹੋ ਗਏ ॥

ਯਥਾ—ਮਾਈ ਮੈ ਧਨੁ ਪਾਇਓ ਹਰਿ ਨਾਮੁ। ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥ ਸੋਰਠ ਗੁਰੂ ੯

ਗੁਰਮਤਿ ਸਤਿ ਕਰ ਅਗਿਆਨੀ ਬ੍ਰਹਮ ਗਿਆਨੀ,
ਗੁਰਮਤਿ ਸਤਿ ਕਰ ਸਹਜ ਬਿਸ੍ਰਾਮ ਹੈ ॥

(ਅਗਿਆਨੀ) ਜਿਹੜੇ ਕੁਝ ਨਹੀਂ ਸੀ ਜਾਣਦੇ ਓਹ ਭੀ ਗੁਰਾਂ ਦੀ ਸਿਖਿਆ

ਨਿਸਚੇ ਕਰਕੇ ਨਾਲ (ਬ੍ਰਹਮ ਗਿਆਨੀ ਵਾਹਿਗੁਰੂ ਦੇ ਜਾਨਣ ਵਾਲੇ ਹੋ ਗਏ ਫਿਰ ਗੁਰਾਂ ਦੀ ਸਿਖਿਆ ਨਿਸਚੇ ਕਰਨ ਨਾਲ (ਸਹਜ) ਸ਼ਾਂਤੀ ਵਿਚ ਬਿਸ੍ਰਾਮ ਕਰਨ ਵਾਲੇ ਹੋ ਗਏ ॥

ਗੁਰਮਤਿ ਸਤਿ ਕਰ ਜੀਵਨ ਮੁਕਤਿ ਭਏ,
ਗੁਰਮਤਿ ਸਤਿ ਕਰ ਨਿਹਚਲ ਧਾਮ ਹੈ ॥ ੨੫ ॥

ਗੁਰਾਂ ਦੀ ਸਿਖਿਆ ਨਿਸਚੇ ਕਰਦੇ ਸੰਸਾਰ ਵਿਚ ਰਹਿਕੇ ਜੀਉਂਦੇ ਹੀ ਮੁਕਤੀ ਨੂੰ ਪ੍ਰਾਪਤ ਹੋ ਗਏ ਗੁਰਾਂ ਦੀ ਸਿਖਿਆ ਨਿਸਚੇ ਕਰਕੇ (ਧਾਮ) ਘਰ ਵਾਹਿਗੁਰੂ ਵਿਚ ਇਸਥਿਤ ਹੋਏ ॥

ਗੁਰਮਤਿ ਸਤਿ ਕਰ ਬੈਰ ਨਿਰਬੈਰ ਭਏ,
ਪੂਰਨ ਬ੍ਰਹਮ ਗੁਰ ਸਰਬ ਮੈਂ ਜਾਨੇ ਹੈਂ ॥

ਗੁਰਾਂ ਦੀ ਸਿਖਿਆ ਧਾਰਕੇ ਵੈਰ ਤੋਂ ਰਹਿਤ ਹੋਏ ਭਾਵ ਵੈਰੀਆਂ ਨੂੰ ਸਜਣ ਸਮਝਣ ਲਗ ਪਏ ॥ ਗਉੜੀ ਬਾਵਨ ਅਖਰੀ ਗੁਰੂ ੫

ਵੈਰਾ ਵੈਰ ਨ ਕਰੀਐ ਕਾਹੂ । ਘਟ ਘਟ ਅੰਤਰ ਬ੍ਰਹਮ ਸਮਾਹੂ ।
ਅਤੇ ਪੂਰਨ (ਬ੍ਰਹਮ) ਵਾਹਿਗੁਰੂ ਨੂੰ ਸਾਰਿਆਂ ਜੀਵਾਂ ਵਿਚ ਜਾਣਦੇ ਹਨ ਕਿਸੇ ਨੂੰ ਦੁਖ ਨਹੀਂ ਦੇਂਦੇ ॥

ਨੋਟ—ਪਿਛੇ ਜੋ ੨੩ ਕਬਿਤ ਦੀ ਪਹਿਲੀ ਪੰਗਤੀ ਵਿਚ ਆਇਆ ਸੀ ਕਿ ਪੂਰਨ ਬ੍ਰਹਮ ਦਾ ਸਰੂਪ ਜੋ ਗੁਰੂ ਹੈਂ ਤਿਨਾਂ ਦੀ ਮੂਰਤੀ ਦਾ ਧਿਆਨ ਓਹ ਗੁਰਮੁਖ ਕਰਦੇ ਹਨ ਤੇ ਸਾਰਿਆਂ ਵਿਚ ਜੋ ਵਾਹਿਗੁਰੂ ਹੈ ਉਸਨੂੰ ਗੁਰੂ ਰੂਪ ਜਾਣਦੇ ਹਨ ਵਾ ਗੁਰੂ ਦੁਆਰੇ ਪੂਰਨ ਬ੍ਰਹਮ (ਗੁਰੂ) ਪ੍ਰਾਲੀਨ ਦਾ ਧਿਆਨ ਕਰਦੇ ਹਨ ਤੇ ਸਾਰਿਆਂ ਵਿਚ ਜੋ ਵਾਹਿਗੁਰੂ ਵਿਆਪਕ ਹੈ ਉਸਨੂੰ ਗੁਰੂ ਦੁਆਰੇ ਜਾਣਦੇ ਹਨ ॥

ਗੁਰਮਤਿ ਸਤਿ ਕਰ ਭੇਦ ਨਿਰਭੇਦ ਭਏ,
ਦੁਬਿਧਾ ਬਿਧਾ ਨਿਖੇਧ ਖੇਦ ਬਿਨਸਾਨੇ ਹੈਂ ॥

ਗੁਰਾਂ ਦੇ ਉਪਦੇਸ਼ ਨੂੰ ਧਾਰਕੇ (ਭੇਦ ਨਿਰਭੇਦ ਭਏ) ਜੀਵ ਈਸ਼੍ਵਰ ਦਾ ਭੇਦ ਹੈ ਵਾ ਜੋ ਅਲਪਗ੍ਯਤਾ, ਸਰਬਗ੍ਯਤਾ, ਜੀਵ ਈਸ਼੍ਵਰ ਵਿਚ ਹੈ ਇਸ ਤੋਂ ਰਹਤ ਹੋਏ ਭਾਵ ਭੇਦ—ਵਰਤਕ ਤੋਂ ਨਿਰਭੇਦ ਰਹਿਤ ਹੋਏ ਅਤੇ (ਦੁਬਿਧਾ) ਦੁਰਮਤ ਦਾ ਅਰਥ ਹੈ ਪਰ ਇਸ ਜਗ੍ਹਾ ਨਹੀਂ ਹੈ ਇਸ ਥਾਉਂ ਹੈ (ਦੁਬਿਧਾ) ਦੋ ਰੀਤੀਆਂ ਵਾਲਾ ਜੋ ਸੰਸਾਰ ਦੇ ਇਸਤ੍ਰੀਆਂ ਬਿਧ (ਬਿਧੀਆਂ) ਰੀਤਾਂ ਚਲ ਰਹੀਆਂ ਹੋਈਆਂ (ਨਿਖੇਧ) ਨਿਸਿਧ, ਮਾੜੀਆਂ ਜਾਣੀਆਂ ਅਤੇ ਖਿਪਨਾਂ ਦੇ (ਖੇਦ) ਦੁਖ ਤੋਂ ਦੂਰ

ਹੋਏ ਭਾਵ ਖੂਬ ਵਿਰੋਧ ਕਰਕੇ ਜੋ ਸੰਸਾਰ ਉਪਰ ਮਰਯਾਦਾ ਚਲੀਆਂ ਹੋਈਆਂ ਸ੍ਰੀ ਚਰਨਾਂ ਨੂੰ ਫਰ ਨਾ ਮੰਨਣ ਵਾਲੇ ਹੋਏ ॥

ਗੁਰਮਤਿ ਪ੍ਰਤਿਕਰ ਬਾਇਸ ਪਰਮਹੰਸ ਗਿਆਨ ਅੰਸ, ਬੰਸ ਨਿਰਗੰਧ ਗੰਧ ਨਾਲੇ ਹੈਂ ॥

ਗੁਰਾਂ ਦੀ ਸਿਖਿਆ ਨੂੰ ਧਾਰਕੇ (ਬਾਇਸ) ਭਾਵ ਪਹਿਲੇ ਕਊਏ ਅਗਿਆਨੀ ਮਨਮੁਖ ਫਿਰ (ਪਰਮਹੰਸ) ਗਿਆਨਵਾਨ, (ਗਿਆਨ ਅੰਸ) ਆਤਮ ਵਿਵੇਕੀ ਬੁਧੀ ਦੇ ਧਾਰਨ ਵਾਲੇ ਹੋਏ ਅਤੇ (ਬੰਸ) ਬਾਂਸ ਦੇ ਬੂਟੇ ਭਾਵ ਹੰਕਾਰ ਵਾਲੇ ਉਚੇ ਲੰਮੇ ਆਦਮੀ ਜੋ (ਨਿਰਗੰਧ) ਬਿਨਾ ਸੁਗੰਧੀ (ਭਗਤੀ) ਦੇ ਸਨ ਓਹ (ਗੰਧ) ਸੁਗੰਧੀ ਭਗਤੀ ਵਾਲੇ (ਨਾਲੇ) ਕੀਤੇ ਗੁਰੂ ਚੰਦਨ ਨੇ।

ਨੋਟ— ਇਸ ਪੰਗਤੀ ਦੇ ਪਾਠ ਦੀ ਪਰਤੀ ਹੋਰ ਪਰ ਹੈ ਪਰੰਤੂ ਅਸਾਂ ਅਰਥ ਵਿਚ ਜੇ (ਗਿਆਨ ਅੰਸ) ਨਾਲ ਨਾ ਲਗਾਈਏ ਤੇ ਅਰਥ ਨਹੀਂ ਬਣ ਸਕਦਾ ਜੇ ਗਿਆਨ ਅੰਸ ਅਗੇ ਲਾਈਏ ਤਾਂ ਭੀ ਅਰਥ ਟਿਕਾਣਾ ਨਹੀਂ ਬਹਿੰਦਾ ਭਾਵੇਂ ਪਾਠ ਵਿਚ ਇਕ ਗਿਆਨ ਅੰਸ ਨੂੰ ਅਗੇ ਪੜ੍ਹ ਲੈਣਾ ਤੇ ਅਰਥ ਵਿਚ ਪਿਛੇ ਜਾਣੀਏ॥ ਜੈਸੇ ਗੁਰੂ ੧੦

ਕੀਨ ਦਿਆਲ ਦਯਾ ਨਿਧ ਦੇਖਨ ਦੇਖਤ ਹੈ ਪਰ ਦੇਤ ਨ ਹਾਰੇ।

ਕਬਿ ਧੂਆ ॥ ਦੋਹਰਾ ॥

ਤੋਲਤ ਦੂਸਰ ਕੋਈ ਨ ਸਕੈ ਰਚਨਾ ਤੁਲ [illegible] ਆਪ।
ਤਨੇ ਹੀ ਛੋਟੇ ਭੇਰਾ ਹੈ ਸਹਿ ਨ ਸਕੇ ਸੁਖ ਸਾਧ ॥

ਅਥਿ ਭੈਰਾ ਲੱਛਨ ॥

ਅੰਤ ਸੁਤਨ ਦੇ ਚਰਨ ਜਪ ਅੰਤ ਚਰਨ ਸੋ [illegible]।
ਸੋ ਪ੍ਰਤਿ ਭੈਰਾ ਜਾਣੀਅਤ ਕਹੀ ਕੋਸ਼ਕ ਪ੍ਰਗਟ ਪ੍ਰਕਾਸ਼।

ਸਵੈਯਾ

ਬਾਰਿ ਹਥਿ [illegible] ਮੰਗਨ ਧਨ ਸਨਾਮ [illegible]।
ਜੋ ਬ੍ਰਿਸਭਾਸੀ ਦ੍ਵਾਰ ਕਾ ਨਾਥ ਰਟਤ ਦਿਨਮਾਨ।
ਪੂਨਾ [illegible] ਸਾਹ ਗਿਰਧਾਰੀ [illegible] ॥

ਹਰਿ [illegible] ਕੈ ਅੰਗ ਸੋ ਧਰੈ ਕਰੈ ਅਤਿਮੋਦ।
ਸੋ [illegible] ਲਾਂਭ ਤੇਰਾ ਅਰ ਭਾਖਤ ਰਾਖ ਕਬਿੰਦ ॥

ਗੁਰਮਤਿ ਧਾਰਿ ਕਰ ਕਰਮ ਭਰਮ ਖੋਇ ਆਸਾ ਮੈ ਨਿਰਾਸ ਹ੍ਵੈ ਬਿਸ੍ਵਾਸ ਉਰ ਆਨੇ ਹੈਂ॥੨੬॥

ਗੁਰਾਂ ਦੀ ਸਿਖਿਆ ਧਾਰਕੇ ਸ੍ਰਧਾ ਭਰਮਾਉਣ ਵਾਲੇ ਕਰਮਾਂ ਨੂੰ (ਖੋਇ)

ਗੁਰ ਕੀਤਾ ਅਤੇ (ਅਸਾ) ਮਰਯਾਦਾ ਤੋਂ ਇਹ ਰਾਮ ਹੋਇ ਭਾਵ ਗੁਰਮਤ ਵਿਚ ਰਹਿਕੇ ਹੀ ਉਦਾਸੀਨ ਰਹਿੰਦੇ ਹੋਏ ਅਤੇ (ਗ੍ਰਿਹਸਥ) ਭਰਿਆਂ ਵਿਚੋਂ ਆ ਜੁੜਾਂ ਵਿਚ (ਅਗਲੇ) ਜਿਗਿਆਸੂਆਂ ਦੇ ਧਰਮ ਭਾਵ ਜੀ ਕਿ ਗੁਰਾਂ ਦਾ ਬਚਨ ਹਿਰਦੇ ਵਿਚ ਧਾਰਦੇ ਹਨ।

ਗੁਰਮਤਿ ਸਤਿ ਕਰ ਸਿੰਬਲ ਸਫਲ ਭਏ
ਗੁਰਮਤਿ ਸਤਿ ਕਰ ਬਾਂਸ ਮੈ ਸੁਗੰਧ ਹੈ।

ਫਿਰ ਆਪ ਆਖਦੇ ਹਨ ਕਿ ਗੁਰਾਂ ਦੀ ਸਿਖਿਆ ਨੂੰ ਧਾਰਕੇ ਸਿੰਬਲ— ਰੁਖ ਭਾਵ ਜਿਹਾ ਪਾਖੰਡੀ ਆਦਮੀ (ਸਫਲ) ਸਹਿਤ ਫਲ ਦੇ ਭਾਵ ਗੁਣੀ ਹੋ ਗਏ ਭਾਵ ਪਾਖੰਡੀ ਵੀ ਗੁਰ ਸਿਖਿਆ ਨੂੰ ਧਾਰਕੇ ਫਲ ਵਾਲੇ ਹੋ ਗਏ ਅਤੇ ਫਿਰ ਆਪ ਅਗੇ ਆਖਦੇ ਹਨ ਕਿ ਗੁਰ ਸਿਖਿਆ ਦੇ ਧਾਰਨ ਨਾਲ ਬਾਂਸ, ਹੰਕਾਰੀ ਆਦਮੀਆਂ ਵਿਚ ਸੁਗੰਧ) ਕੋਮਲਤਾ ਹੋ ਗਈ ॥

ਗੁਰਮਤਿ ਸਤਿ ਕਰ ਕੰਚਨ ਮਨੂਰ ਭਏ,
ਗੁਰਮਤਿ ਸਤਿ ਕਰ ਪਰਖਤ ਅੰਧ ਹੈ ॥

ਗੁਰ ਸਿਖਿਆ ਨੂੰ ਧਾਰਕੇ ਜੋ ਮਨੂਰ, ਲੋਹੇ ਦੀ ਮੈਲ ਭਾਵ ਜਿਹਾ ਮਹਾ ਪਤਿਤ ਭੀ ਸੀ ਉਹ ਵੀ (ਕੰਚਨ) ਸੋਨਾ ਭਾਵ ਸ੍ਰੇਸ਼ਟ ਬਣ ਗਿਆ ਦਾ ਹੋ ਗਏ ਅਤੇ ਫਿਰ ਗੁਰ ਉਪਦੇਸ਼ ਨੂੰ ਧਾਰਕੇ ਜੋ (ਅੰਧ) ਅੰਨ੍ਹੇ ਪ੍ਰਗਟ ਹੀ ਉਹ ਪਾਰਖੂ ਬਣ ਗਏ ਭਾਵ ਅਗੇ ਪਹਿਲਾਂ (ਅੰਧ) ਮੂਰਖਮਤੀ ਸਨ ਗੁਰੂ (ਪਰਖਤ) ਪਰਖਣ ਵਾਲੇ ਹੋ ਗਏ।

ਗੁਰਮਤਿ ਸਤਿ ਕਰ ਕਾਲ ਕੂਟ ਅੰਮ੍ਰਿਤ ਹੈ
ਕਾਲ ਮੈ ਅਕਾਲ ਭਏ ਅਸਥਿਰ ਕੰਧ ਹੈ।

ਜਿਨ੍ਹਾਂ ਨੇ ਗੁਰ ਸਿਖਿਆ ਨਿਸਚੇ ਕੀਤੀ ਹੈ ਉਹਨਾਂ ਨੂੰ (ਕਾਲ ਕੂਟ) ਜ਼ਹਿਰ ਵੀ ਅੰਮ੍ਰਿਤ ਹੋ ਜਾਂਦੀ ਹੈ ਵ ਹੋ ਗਈ ਭਾਵ ਜਿਹੜੇ ਕੌੜੀ ਬਾਣੀ ਬੋਲਣ ਵਾਲੇ ਮਿਠੀ ਬਾਣੀ ਬੋਲਣ ਵਾਲੇ ਹੋਏ ਅਥਵਾ (ਕਾਲ ਕੂਟ) ਜੋ ਮਾਹੁਰਾ ਸੀ ਉਹ ਵੀ ਉਹਨਾਂ ਨੂੰ ਅੰਮ੍ਰਿਤ ਹੋ ਗਈ ਭਾਵ ਕੀ ਕਿ ਜਦ ਉਹਨਾਂ ਪਾਸ ਮਾਰਨ ਆਉਂਦੀ ਹੈ ਤਾਂ ਉਹ ਉਸਦੇ ਦਰ ਹੋ ਜਾਂਦੇ ਹਨ ਅਤੇ ਪਹਿਲੇ (ਕਾਲ ਵਿਚ) ਕਾਲ ਸਰੂਪ ਭਾਵ ਜਿਹਾ ਜਨਮ ਮਰਨ ਵਾਲੇ ਸੀ ਅਬ ਫਿਰ ਜਨਮ ਮਰਨ ਤੋਂ ਰਹਿਤ ਹੋ ਗਏ ਅਤੇ (ਕੰਧ) ਸਰੀਰ ਧਾਰਨ ਕਰਕੇ ਇਸਥਿਰ ਹੋ ਗਏ ਵਾ ਸੰਸਾਰੀ ਕਹਾਕੇ ਸਰੀਰ ਉਹਨਾਂ ਨੇ ਇਸਥਿਤ ਕਰ ਲਿਆ ॥

ਗੁਰਮਤਿ ਸਤਿ ਕਰ ਜੀਵਨ ਮੁਕਤਿ ਭਏ

ਮਾਯਾ ਮੈ ਉਦਾਸ ਬਾਸ ਬੰਧ ਨਿਰਬੰਧ ਹੈ ॥੨੭॥

ਗੁਰੋਂ ਜੋ ਸਿਖਿਆ ਹੈ ਕਿਸ ਤੇ ਕਰਕੇ ਜੀਉਂਦੇ ਹੀ ਮੁਕਤੀ ਨੂੰ ਪ੍ਰਾਪਤ ਹੋ ਜਾਈ ਦਾ ਜਨਮ ਮਰਨ ਤੋਂ (ਮੁਕਤਿ) ਛੁਟ ਜਾਣਾ ਅਤੇ ਮਾਇਆ ਵਿਚ ਉਦਾਸ ਰਹਿਕੇ ਬਾਸ ਕਰਦੇ ਹਨ ਆਪਣੇ ਮਾਇਆ ਦੇ ਭੀ ਅਤੇ (ਬਾਸ) ਘਰਾਂ ਤੇ ਭੀ ਉਦਾਸੀਨ ਰਹਿੰਦੇ ਹਨ ਅਤੇ (ਬੰਧ, ਸੰਸਾਰ ਦੇ ਬੰਧਨਾ ਪਾਇਆਂ ਤੋਂ (ਨਿਰਬੰਧ) ਛੁਟੇ ਹੋਏ ਹਨ ਅਰਥਾਤ ਗ੍ਰਹਸਥੀਆਂ ਦੇ ਵਿਚ ਰਹਿਕੇ ਭੀ ਜਾਣਦੇ ਹਨ ਕਿ ਸਾਡਾ ਮਲ ਬੰਧੀ ਕੋਈ ਨਹੀਂ ਹੈ ਭਾਵ ਧੀ ਸੰਗ ਨਾਲ ਅੰਤ ਨੂੰ ਜਾਣ ਵਾਲਾ ਇਕ ਸਤਿਗੁਰੂ ਹੈ, ਹੋਰ ਕੋਈ ਨਹੀਂ ਹੈ ਇ ਸਦਾ ਜਤੇ ਓਹਨਾ ਨੂੰ ਸੁਖ ਪ੍ਰਾਪਤ ਹੁੰਦਾ ਹੈ ॥੨੭॥

ਸਬਦ ਸੁਰਤਿ ਲਿਵ ਗੁਰ ਸਿਖ ਸੰਧ ਮਿਲੇ
ਸਸਿ ਘਰ ਸੂਰ ਪੂਰ ਨਿਜ ਘਰ ਆਏ ਹੈਂ ॥

ਇਤ ਭਾਈ ਸਾਹਿਬ ਜੀ ਗੁਰ ਸਿਖਿਆ ਦੀ (ਸੰਧਿ) ਮਿਲੌਣੀ ਦਾ ਮਹਾਤਮ ਵਰਨਨ ਕਰਦੇ ਹਨ ਤੇ ਆਪ ਆਖਦੇ ਹਨ ਕਿ ਜੋ ਸਿਖ ਗੁਰੂ ਦੇ (ਸਬਦਿ) ਕੰਨਾਂ ਦੁਆਰੇ ਗੁਰੂ ਦੇ (ਸਬਦ) ਉਪਦੇਸ਼ ਸੁਣਨ ਦੇ (ਲਿਵ) ਬ੍ਰਿਤੀ ਲਾਕੇ ਧਾਰਨ ਕਰਕੇ, (ਸੰਧਿ) ਮਲੌਣੀ ਵਿਚ ਮਿਲੇ ਹਨ ਓਹ (ਸਸਿ ਘਰ) ਇੜਾ ਨਾੜੀ ਅਤੇ (ਸੂਰ) ਪਿੰਗਲਾ ਨਾੜੀ ਸੁਰਤ ਇਹਨਾਂ ਨੂੰ (ਪੂਰ) ਪੂਰਨ ਕਰਕੇ ਭਾਵ ਪ੍ਰਾਣ ਚੜਾਉਣੇ ਉਤਾਰਨ ਦੀ ਵਿਧੀ ਜਾਣਕੇ (ਨਿਜ ਘਰ) ਆਪਣੇ ਘਰ ਦਸਵੇਂ ਦੁਆਰ ਵਿਚ ਆਨ ਪਹੁੰਚੇ ਹਨ ਦੂਜਾ ਭਾਵ ਕਿ ਰਜੋ ਸਤੋ ਤਮੋ ਤਿੰਨਾਂ ਗੁਣਾਂ ਨੂੰ (ਪੂਰ) ਸਾਵਧਾਨ ਕਰਕੇ ਮਾਇਆ ਸੰਸਾਰ ਤਿੰਨ ਗੁਣਾਂ ਨੂੰ ਜਿਤ ਕੇ ਆਪਣੇ ਘਰ ਸਾਧ ਸੰਗਤ ਵਿਚ ਆਨ ਪਹੁੰਚੇ, ਪਰ ਇਹ ਐਸਾ ਕੰਮ ਰਤਨ ਕਿਸੇ ਨੇ ਕੀਤਾ ਜੋ ਕਲਿਆਨ ਕਰਦੇ ਹਨ ॥

ਉਲਟ ਪਵਨ ਮਨ ਮੀਨ ਤ੍ਰਿਬੇਨੀ ਪ੍ਰਵੇਸ
ਤ੍ਰਿਕੁਟੀ ਉਲੰਘ ਸੁਖ ਸਾਗਰ ਸਮਾਏ ਹੈਂ ॥

(ਮੀਨ) ਮੱਛੀ ਦੀ ਨਿਆਈਂ ਚੰਚਲ ਹਨ ਜਿਸ ਮਨ ਦੀ ਸੀ ਉਸਨੂੰ ਭੀ ਅਤੇ (ਪਵਨ) ਸੁਆਸਾਂ ਨੂੰ ਭੀ ਉਲਟਾਯਾ ਅਤੇ (ਤ੍ਰਿਬੇਨੀ) ਤਿੰਨੇ ਨਾੜੀਆਂ ਇੰਗੁਲਾ ਇੜਾ ਪਿੰਗਲਾ ਸੁਖਮਨਾ ਇਹਨਾਂ ਦਾ (ਪ੍ਰਵੇਸ਼) ਮੇਲ ਕੀਤਾ ਭਾਵ ਤਿੰਨਾਂ ਦੇ ਰਾਹ ਉਤੇ, ਉਤਾਰਨ ਚੜ੍ਹਾਉਣ ਦੀ ਵਿਧੀ ਜਾਣੀ (ਤ੍ਰਿਕੁਟੀ) ਇਹਨਾਂ ਤਿੰਨਾਂ ਨਾੜੀਆਂ ਦੇ ਮਿਲਾਪ ਅਸਥਾਨ ਨੂੰ (ਉਲੰਘ) ਟਪਕੇ (ਸੁਖ ਸਾਗਰ) ਆਨੰਦ ਰੂਪੀ ਵਿਚ ਸਮਾ ਜਾਏ ਭਾਵ (ਮਨ ਮੀਨ) ਰੂਪ ਮਨ ਦੇ (ਪਵਨ) ਸੰਕਲਪਾਂ ਨੂੰ ਸੰਸਾਰ ਵਲੋਂ (ਉਲਟ) ਉਲਟਾਯਾ ਅਤੇ (ਤ੍ਰਿਬੇਨੀ) ਕਰਮ, ਉਪਾਸ਼ਨਾ, ਗਿਆਨ ਦੇ ਮੰਦਿਰ ਵਿਚ (ਤ੍ਰਿਕੁਟੀ) ਮੁਕਤ, [illegible], ਬੰਧਨ ਨੂੰ ਉਲੰਘਕੇ (ਸੁਖ

ਸਾਗਰ ਦੇ ਸੁਆਦ ਅੰਮ੍ਰਿਤ ਮਨ ਮੈਂ ਲਿਵ ਸਮਾਈ ਭਾਵ ਵਾਹਿਗੁਰੂ ਨੂੰ ਮਿਲਨ ਦੀ ਇਛਾ ਕਰਨ ਲਗੇ ॥

ਤ੍ਰਿਭਵਨ ਅਤੀਤ ਚਤੁਰਥ ਪਦ ਗਾਮਨੀ ਹੈ,
ਨਿਝਰ ਅਪਾਰ ਧਾਰ ਅਮਿਅ ਚੁਆਏ ਹੈਂ ॥

(ਤ੍ਰਿਭਵਨ) ਤਿੰਨ ਗੁਣ ਜੋ ਸੰਸਾਰ ਹੈ ਉਸਤੋਂ (ਅਤੀਤ) ਰਹਿਤ ਹੋਏ ਭਾਵ ਇਸਨੂੰ ਝੂਠਾ ਜਾਣਿਆ ਅਤੇ (ਚਤੁਰਥ ਪਦ) ਸਰੂਪ ਵਾਹਿਗੁਰੂ ਵਿਚ (ਗਾਮਨੀ) ਪ੍ਰਵੇਸ਼ ਕੀਤਾ, ਭਾਵ ਜਿਸ ਸੰਸਾਰ ਨੂੰ ਝੂਠਾ ਸਮਝਕੇ ਵਾਹਿਗੁਰੂ ਨੂੰ ਮਿਲੇ ਅਤੇ ਫਿਰ ਉਸ ਜਗ੍ਹਾ ਕਿਸ ਤਰ੍ਹਾਂ ਹੋਇਆ ਕਿ (ਨਿਝਰ) ਇਕ ਰਸ (ਅਪਾਰ ਧਾਰ) ਅੰਮ੍ਰਿਤ ਮੂੰਹ ਵਿਚ ਆਇਆ ਭਾਵ ਓਹ ਨਾਮ ਰਸ ਵਾਹਿਗੁਰੂ ਦੇ ਪੀਣ ਵਿਚ ਆਇਆ ਤਾਂ ਫਿਰ ਆਪ ਆਪਣੇ ਰਸ ਵਿਚ ਉਸ ਜਗ੍ਹਾ ਦਾ ਪੂਰਾ ਅਨੰਦ ਮਾਣਦਾ ॥

ਚਕਵੀ ਚਕੋਰ ਮੋਰ ਚਾਤ੍ਰਿਕ ਅਨੰਦ ਮਈ,
ਕਦਲੀ ਕਮਲ ਤੋ ਬਿਮਲ ਜਲ ਛਾਏ ਹੈਂ ॥੨੮॥

ਫਿਰ ਜਿਸ ਤਰ੍ਹਾਂ ਚਕਵੀ ਸੂਰਜ ਨੂੰ ਵੇਖਕੇ ਪ੍ਰਸੰਨ ਹੁੰਦੀ ਹੈ ਕਿਉਂਕਿ ਉਸਨੂੰ ਪਤੀ ਆ ਮਿਲਦਾ ਹੈ ਅਤੇ ਚੰਦ੍ਰਮਾ ਚਕੋਰ ਚੰਦ੍ਰਮਾ ਨੂੰ ਵੇਖਕੇ ਪ੍ਰਸੰਨ ਹੁੰਦਾ ਹੈ ਅਤੇ ਮੋਰ ਤੇ (ਚਾਤ੍ਰਿਕ) ਪਪੀਹਾ ਮੇਘਾਂ ਨੂੰ ਵੇਖਕੇ ਪ੍ਰਸੰਨ ਹੁੰਦੇ ਹਨ ਭਾਵ ਜਿਸ ਤਰ੍ਹਾਂ ਉਹਨਾਂ ਨੂੰ ਸੁਆਂਤੀ ਬੂੰਦ ਦੀ ਇਛਾ ਹੁੰਦੀ ਹੈ ਤੇ (ਕਦਲੀ) ਕੇਲੇ ਤੇ ਕਮਲ ਫੁਲ ਜੈਸੇ (ਬਿਮਲ) ਉਜਲ ਨਿਰਮਲ ਜਲ ਵਿਚ ਛਾਏ ਪ੍ਰਫੁਲਤ ਹੋਏ ਦਿਖਾਈ ਦੇਂਦੇ ਹਨ ਐਸੇ ਉਹਨਾਂ ਮਹਾਤਮਾਂ ਨੂੰ ਅਨੰਦ ਹੋਇਆ ਭਾਵ ਜੀ ਕਿ (ਚਕਵੀ) ਬੁਧੀ (ਚਕੋਰ) ਚਿਤ (ਮੋਰ) ਮਨ (ਚਾਤ੍ਰਿਕ) ਹੰਕਾਰ ਅੰਤਹ ਕਰਣ ਅਨੰਦ ਹੋਇਆ ਅਤੇ (ਕਦਲੀ) ਰਿਦਾ (ਕਮਲ) ਸ਼ਾਂਤ ਅਤੇ ਪਰਗਟ ਹੋਏ ਜੂ (ਕਦਲੀ) ਜਗਜਗੂ (ਕਮਲ) ਸੋਭਾ ਨੂੰ (ਬਿਮਲ ਜਲ) ਆਤਮ ਨੰਦ ਰੂਪੀ ਪਾਣੀ ਭਾਵ ਵਾਹਿਗੁਰੂ ਵਿਚ ਛਾਇਆ ਹੋਇਆ ਵੇਖਕੇ ਬੜੇ ਪ੍ਰਸੰਨ ਹੋਏ ਕਿ ਸਾਨੂੰ ਵੀ ਐਸੀ ਕਿਰਪਾ ਕਦੀ ਕਰਨਗੇ ॥੨੮॥

ਸਬਦ ਸੁਰਤ ਲਿਵ ਗੁਰ ਸਿਖ ਸੰਧ ਮਿਲੇ,
ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈਂ ॥

ਜਿਹੜੇ ਆਪ ਗੁਰਾਂ ਦੀ ਸਿਖਿਆ ਨਾਲ ਜੋ ਮਿਲੇ ਹਨ, ਉਹਨਾਂ ਦਾ ਮਹਾਤਮ ਦਸਦੇ ਹਨ ਕਿ ਗੁਰਾਂ ਦੀ ਸਿਖਿਆ ਦੀ ਮਿਲੌਣੀ ਦਾ ਮਹਾਤਮ, ਦਸਦੇ ਹਨ ਭਾਵ ਜਿਸ ਕਿ ਸਿਖਿਆ ਦੀ ਸੰਪੂਰਨ ਚਲਦੀ ਰੀਤੀ ਹੈ ਅਤੇ ਗੁਰ

[illegible]

ਗ੍ਯਾਨੀ ਹੈ ਕਰਮ ਛੋਡ ਬਾਲਕ ਜੋ ਕਰਮ ਮੋਦ,
ਲੋਗ ਦੇਖ ਉਲੰਘ ਉਦੋਤ ਗੁਰ ਗਾਜਤੇ ਹੈਂ ॥

[illegible]

ਮਾਯਾ ਕੋ ਬ੍ਰਹਮ ਸਮ ਦਸਮ ਦੁਆਰ ਪਾਰ,
ਅਨਹਦ ਧੁਨ ਤੂਰ ਬਾਜਤ ਨੀਸਾਨੇ ਹੈਂ ॥

[illegible]

ਉਨ ਮਨ ਮਗਨ ਗਗਨ ਸਦਾ ਸੁਖ ਸੈਨ,
ਨਿਝਰ ਅਪਾਰਧਾਰ ਪਰਮ ਨਿਧਾਨੇ ਹੈਂ ॥੨੯॥

[illegible]

ਚਿਤ੍ਰਮਾਹਿ ਚਿਤ੍ਰਗਤੀ ਹੈ [illegible]

ਬਨ ਬਨ ਬਾਸ ਨ ਉਦਾਸ ਹ੍ਵੈ ਕੈ ਪਾਯੋ ਹੈ ।

(ਕੁਝ ਆਪ ਭਗਵਾਨ ਵਲੋਂ ਹੋਕੇ ਆਖਦੇ ਹਨ ਕਿ ਜੇਹੜੇ ਸਰੂਪ ਵਾਹਿਗੁਰੂ ਨੂੰ ਕੈਸੇ ਅਨੰਦ ਹੋਏ ਓਹ ਭੀ ਆਪ ਨੇ ਦੱਸੇ ਪਰ ਜੋ ਕੋਈ ਕਿਸੀ ਅਕਲ ਨਾਲ ਨਹੀਂ ਮਿਲਦੇ ਓਹ ਸਾਧਨ ਕੇਹੜੇ ਹਨ ਸੋ ਆਪ ਆਖਦੇ ਹਨ ਕਿ) (ਗ੍ਰਿਹ) ਘਰ ਵਿਚ ਰਹਿ ਕਰਕੇ ਗ੍ਰਿਹਸਤੀ ਨਾਮ ਹਨ ਭੀ (ਸਦਾਸ ਘਰ) ਵਾਹਿਗੁਰੂ ਨੂੰ ਨਾ ਪਾਯਾ ਅਤੇ ਬਨਕੇ ਉਦਾਸੀ ਭੀ ਬਨ ਜੰਗਲ ਵਿਚ ਫਿਰਿਆ ਪਰ ਅਫਸੋਸ ਜੋ ਫਲ ਪਾਉਣਾ ਸੀ ਕਿ ਵਾਹਿਗੁਰੂ ਪ੍ਰਾਪਤ ਹੋਵੇ ਸੋ ਨਾ ਹੋਯਾ ਅਥਵਾ (ਬਨ) ਜੰਗਲ ਸੰਸਾਰ ਤੇ ਅਤੇ (ਬਨ) ਜਲ ਪਦਾਰਥਾਂ ਤੋਂ ਭੀ ਉਦਾਸ ਹੋਕੇ (ਬਾਸ) ਰਹੇ ਭਾਵ ਫਿਰੇ ਪਰ ਅਫਸੋਸ ਫਿਰ ਭੀ ਵਾਹਿਗੁਰੂ ਨੂੰ ਨਾ ਪਾਯਾ॥

ਪੜ੍ਹ ਪੜ੍ਹ ਪੰਡਤ ਨ ਅਕਥ ਕਥਾ ਬਿਚਾਰੀ
ਸਿਧਾਸਨ ਬੈਠ ਨ ਨਿਜ ਆਸਨ ਦ੍ਰਿੜਾਯੋ ਹੈ ।

ਪੰਡਿਤ ਭੀ ਸ਼ਾਸਤ੍ਰ ਨੂੰ ਪੜ੍ਹ ਪੜ੍ਹਕੇ ਥਕ ਗਏ ਪਰ ਅਫਸੋਸ (ਅਕਥ) ਵਾਹਿਗੁਰੂ ਦੀ ਕਥਾ ਨਾ ਵਿਚਾਰੀ ਭਾਵ ਕਿ ਉਸ ਵਾਹਿਗੁਰੂ ਨੂੰ ਕਿ ਜਸ੍ਰਾਮਿਲਣੀਐ ਭੇਦ ਦਾ ਜਾਣਿਆ ਸ੍ਰੁਪਾਂ ਜੇਹਾਂ ਜੀਆਂ ਕਥਾਂ ਕਰਦੇ ਰਹੇ ਵਾ ਧਨ ਦੇ ਵਾਸਤੇ ਜੇਹੀ ਜੇਹੀ ਕਥਾ ਕਰਦੇ ਰਹੇ ਪਰ ਵਾਹਿਗੁਰੂ ਦੇ ਮਿਲਣ ਦੀ ਕਥਾ ਨਾ ਕੀਤੀ ਅਤੇ (ਸਿਧਾਸਨ) ਸਿਧਾਂ ਨੇ ਸਿਧ ਆਸਨ ਲੌਣੇ ਆਪਣੇ ਚੇਲਿਆਂ ਜਦਾਂ ਜੁਆਂ ਨੂੰ ਦਸੇ ਭਾਵ ਕੀ ਕਿ ਸਿਧਾਂ ਨੇ ਆਸਨ ਲਗਾਉਣ ਵਿਚ ਓਹਨਾਂ ਨੂੰ ਨਾ ਬੁਝਿਆ ਕਿ ਕੇਵਲ ਆਸਨ ਲੌਣ ਨਾਲ ਹੀ ਮੁਕਤੀ ਹੁੰਦੀ ਹੈ ਅਤੇ ਜੀਵਨ ਮਿਲਦਾ ਹੈ। ਅਫਸੋਸ ਆਪਣੇ ਮਨ ਦਾ ਆਸਨ ਨਾ ਲਾਯਾ ਭਾਵ ਕੀ ਕਿ ਆਪਣੇ ਮਨ ਨੂੰ ਨਾ ਰੋਕਿਆ ਅਤੇ ਨਾ ਚਿਤ ਦੀ ਇਕਾਗਰਤਾ ਕੀਤੀ॥

ਜੋਗ ਧਯਾਨ ਧਾਰਨ ਕੈ ਨਾਥਨ ਨ ਦੇਖੇ ਨਾਥ
ਜਗ ਭੋਗ ਪੂਜਾ ਕੈ ਨ ਅਗਾਹੁ ਗਾਹਾਯੋ ਹੈ ।

(ਜੋਗ ਧਯਾਨ) ਸਮਾਧੀ ਲਗਾਉਣ ਨਾਲ ਨਾਥਾਂ ਨਾਥਾਂ ਨੇ ਭੀ (ਨਾਥ) ਵਾਹਿਗੁਰੂ ਨੂੰ ਨਾ ਦੇਖਿਆ ਭਾਵ ਕਈ ਕਲਪ ਪ੍ਰਜੰਤ ਜੋਗ ਵਿਚ ਜੁੜਕੇ ਧਯਾਨ ਧਾਰਦੇ ਰਹੇ ਪਰ ਵਾਹਿਗੁਰੂ ਨੂੰ ਨਾ ਦੇਖਿਆ ਅਤੇ (ਜਗਤ) ਜਗਤ ਦੇ ਭੋਗਾਂ ਦਾ ਕਰਨ ਦੇ ਭੋਗ ਲਾਉਣਾ ਕਰਕੇ ਭੀ ਭਾਵ ਦੇਵਤਿਆਂ ਨੂੰ ਬਲੀ ਦੇ ਦੇ ਕੇ ਅਤੇ ਸਭ ਦੇਵਤਿਆਂ ਦੀ ਪੂਜਾ ਕਰਕੇ ਭੀ (ਅਗਾਹੁ) ਜੋ ਨਾ ਪਕੜਿਆ ਜਾਵੇ (ਸੋ ਏਹ ਗਾਹਨ ਵਾਹਿਗੁਰੂ) ਉਸ ਨੂੰ ਕੋਈ ਕਿਸੇ ਨੇ ਨਾ ਖਜਾਇਆ ਭਾਵ ਇਤਨਾ ਜਿਨ ਸਾਧਨਾਂ ਨਾਲ ਭੀ ਵਾਹਿਗੁਰੂ ਪ੍ਰਾਪਤ ਨ ਹੋਯਾ॥

ਦੇਵੀ ਦੇਵ ਸੇਵ ਕੈ ਨ ਅਹੰਮੇਵ ਟੇਵ ਟਾਰੀ
ਅਲਖ ਅਭੇਵ ਗੁਰਦੇਵ ਸਮਝਾਏ ਹੈ ॥ ੩੭ ॥

ਅੱਗੇ ਆਪ ਆਖਦੇ ਹਨ ਕਿ ਦੇਵੀ ਦੇਵਤਿਆਂ ਦੀ ਭੀ ਸੇਵਾ ਨਹੀਂ ਕੀਤੀ ਅਤੇ (ਅਹੰਮੇਵ) ਹੰਕਾਰ ਵਾਲੀ (ਟੇਵ) ਖੋਟੀ ਆਦਤ ਜਿਸ ਨੇ ਨਾ (ਟਾਰੀ) ਦੂਰ ਕੀਤੀ ਸੋ ਆਖਦੇ ਹਨ ਕਿ ਜੋ ਇਕ ਰਸ ਵਿਆਪਕ ਜਾਣਨ ਵਾਲਾ ਜੀ ਵਾਹਿਗੁਰੂ ਨਹੀਂ ਮਿਲਿਆ ਸੋ ਉਸ (ਅਲਖ) ਜੋ ਨਾ ਵੇਖਿਆ ਜਾਵੇ ਤੇ ਜਿਸਦਾ ਭੇਦ ਨਾ ਪਾਇਆ ਜਾਵੇ ਉਸ ਨੂੰ ਦੇਵ ਪ੍ਰਕਾਸ਼ ਸਰੂਪ ਗੁਰੂ ਨੇ ਸਮਝਾਇਦਿਤਾ ਭਾਵ ਦਿਖਾ ਦਿਤਾ।

ਤ੍ਰਿਗੁਨ ਅਤੀਤ ਚਤੁਰਥ ਗੁਨ ਗੰਮਿਤਾ ਹੈ
ਪੰਚ ਤਤ ਉਲੰਘ ਪਰਮ ਤਤ ਵਾਸੀ ਹੈ।

(ਹੁਣ ਆਪ ਜਗਿਆਸੂ ਵਲੋਂ ਹੋਕੇ ਆਖਦੇ ਹਨ ਕਿ ਜੋ ਉਦਾਸੀ ਫਕੀਰੀ ਹੈ ਉਸਦੇ ਕਿਆ ਲੱਛਣ ਹੋਨ ਦਾ ਉਤਰ ਜੀ ਸੰਤਾਂ ਦੇ ਕਿਆ ਲਛਣ ਹਨ ਸੋ ਆਪ ਦੋਹਾਂ ਦਾ ਹੀ ਉਤਰ ਦੇਂਦੇ ਹੈਨ ਕਿ) (ਤ੍ਰਿਗੁਨ) ਤਿੰਨ ਗੁਣ ਰਜੋ ਸਤੋ ਤਮੋ ਤੇ (ਅਤੀਤ) ਫਕੀਰ ਹੋਏ ਭਾਵ ਕਿਆ ਤਿੰਨਾਂ ਗੁਣਾਂ ਦਾ ਪਰੀ ਤਯਾਗ ਕਰੇ ਅਤੇ ਸੰਸਾਰ ਤੋਂ ਉਪਰਾਮ ਹੋਏ ਅਤੇ ਚੌਥੇ (ਗੁਨ) ਪਦ ਵਿਚ ਗੰਮਤਾ ਕੀਤੀ ਭਾਵ ਚੌਥੇ ਪਦ ਵਿਚ ਪਹੁੰਚਕੇ ਵਾਹਿਗੁਰੂ ਨੂੰ ਜਾਣ ਲਿਆ ਅਤੇ (ਪੰਚਤਤ) ਜਲ ਅਗਨੀ ਧਰਤੀ ਆਕਾਸ਼ ਪਵਨ ਭਾਵ ਜਿਸ ਤੋਂ ਇਹ ਸਾ ਦਾ ਰਚਨ ਸੰਸਾਰ ਹੈ, ਇਸਨੂੰ ਟਪਕੇ (ਪਰਮਤਤ) ਸਿਧਾਂਤ ਸਰੂਪ ਦੇ ਵਿਚ ਨਿਵਾਸ ਕਰਨ ਵਾਲੇ ਹੋਏ ॥

ਖਟ ਰਸ ਤ੍ਯਾਗ ਪ੍ਰੇਮ ਰਸ ਕੋ ਪ੍ਰਾਪਤ ਭਏ
ਪੂਰ ਸੁਰ ਸਪਤ ਅਨਹਦ ਅਭਿਆਸੀ ਹੈ ॥

ਛੀਆਂ ਰਸਾਂ ਦੇ ਸੁਆਦ ਨੂੰ ਛਡਿਆ ਅਤੇ (ਪ੍ਰੇਮ ਰਸ) ਗੁਰਸਿਖਾਂ ਉਹਨਾਂ ਨੂੰ ਮਿਲਿਆ ਅਥਵਾ (ਪ੍ਰਾਪਤ) ਸਮਾਪਤ ਹੋ ਗਿਆ (ਸੁਰ ਸਪਤ) ਸਤਾਂ ਸੁਰਾਂ ਦੇ ਅਭਯਾਸ ਨੂੰ ਭਾਵ ਬਾਹਰ ਦੇ ਸਤਾਂ ਸੁਰਾਂ ਵਾਲੇ ਵਾਜਿਆਂ ਤੋਂ ਪੂਰਨ ਹੋਏ (ਰਜ ਗਏ) ਭਾਵ ਕਿਆ ਉਹਨਾਂ ਦੇ ਸੁਣਨ ਦੀ ਇਛਾ ਨਾ ਰਹੀ ਦੇ ਸਤ ਸੰਗ ਵਿਚ ਸਤਿਗੁਰਾਂ ਨੂੰ (ਪੂਰ) ਪੂਰਨ ਕਰਕੇ ਸ਼ਬਦ ਕੀਰਤਨ ਕਰਦਿਆਂ ਅਤੇ ਤ੍ਰਿਆਂ ਅਤੇ (ਅਨਹਦ) ਇਕ ਰਸ ਅਨਹਦ ਦਸਵੇਂ ਦੁਆਰ ਦੇ ਸ਼ਬਦ ਸੁਨਨ ਦੇ ਅਭਿਆਸੀ ਹੋਏ ਭਾਵ ਕੀ ਕਿ ਵਾਹਿਗੁਰੂ ਦੇ ਨਾਮ ਦੇ ਨਾਮ ਲੈਣ ਦੇ ਉਦਮੀ ਹੋਏ ॥

ਅਸਟ ਸਿਧਾਂਤ ਭੇਦ ਨਾਯਕ ਕੈ ਨਾਇਕ ਭਏ,

ਦਸਮ ਸਥਲ ਸੁਖ ਸਾਗਰ ਬਿਲਾਸੀ ਹੈ ॥

ਇਹ ਕ੍ਰਿਆ ਹੋਯਾ (ਸਾਗਰ ਸਮਾਨ) ਅਤੇ ਛਹਾਂ ਦੀਆਂ ਸਿਧੀਆਂ ਨੂੰ (ਬਿਖੇ) ਵਿਆਪਿਆਂ ਅਤੇ ਛਵਾਂ ਨਾਥ ਦੇ ਵੀ (ਨਾਮ) ਜਾਣੇ ਜਾਂਦੇ ਵਿਚ ਵਿਸ ਆਨੰਦ ਨੂੰ ਲਿਆ ਜੋ ਆਖਦੇ ਹਨ ਕਿ (ਦਸਮ ਸਥਲ) ਦਸਵੀਂ ਜਗਾ ਦਸਵਾਂ ਦਰਵਾਜਾ ਜੋ ਸੁਖਾਂ ਦਾ (ਸਾਗਰ) ਸਮੁੰਦਰ ਹੈ ਉਸ (ਬਿਲਾਸੀ) ਆਨੰਦ ਦੇ ਲੈਣ ਵਾਲੇ ਹੋਏ ਹਨ ॥

ਉਨਮਨ ਮਗਨ ਗਗਨ ਹੈ ਨਿਝਰ ਝਰੈ,
ਸਹਜ ਸਮਾਧਿ *ਗੁਰ ਪਰਚੈ ਉਦਾਸੀ ਹੈ ॥੨੧॥

(ਉਨਮਨ ਗਗਨ) ਦਸਵੇਂ ਦਰਵਾਜਾ ਦਾ ਚੜ੍ਹਿਆ ਪਦ ਉਸਦੇ ਵਿਚ (ਮਗਨ) ਮਸਤ ਹੋਏ ਅਤੇ (ਨਿਝਰ) ਇਕ ਰਸ ਦਸਵੇਂ ਦੁਆਰ ਦਾ ਅਨੰਦ (ਝਰੈ) ਝਰਨਾ ਪ੍ਰਾਪਤ ਹੋਣ ਲਗਾ ਅਤੇ (ਸਹਿਜ) 'ਅਦ੍ਰਿਸ਼' ਵਾਹਿਗੁਰੂ ਦੇ ਵਿਚ ਸਮਾਧੀ ਲਗੀ (ਗੁਰ) ਗੁਰਾਂ ਵਿਚ (ਪਰਚੈ) ਪ੍ਰੇਮ ਕਰਨੇ ਸੇ ਉਦਾਸੀ ਹੋਯਾ ਹੈ ਭਾਵ ਕਿਆ ਏਹ ਤ੍ਰਿਪਤ ਉਦਾਸੀ ਦੇ ਲਛਨ ਕਹੇ ਹਨ ਵਾ ਗੁਰਾਂ ਦਾ [illegible] ਹੋਣ ਸੇ ਏਹ ਉਦਾਸੀ ਮਤ ਹੋਯਾ ॥

ਦੁਬਿਧਾ ਨਿਵਾਰ ਅਬਰਨ ਹ੍ਵੈ ਬਰਨ ਬਿਖੈ
ਪੰਚ ਪਰਪੰਚ ਨ ਦਰਸ ਅਦਰਸ ਹੈ ॥

ਹੁਣ ਇਹ ਤੋ ਦੀ ਜੋ ਗੁਰ ਸਿਖ ਭੇਦ ਦਾ ਪ੍ਰਕਰਣ ਆਖਦੇ ਹਨ ਕਿ ਜੋ ਗੁਰ ਸਿਖੀ ਦੀ (ਸੰਧਿ ਮਿਲੌਨੀ) ਵਿਚ ਮਿਲੇ ਹਨ (ਬੀਸ) ਲਿਸਰੇ ਕਰਕੇ ਜਿਹਨਾਂ ਨੇ ਵੀ ਭੀੜਾ ਤੇ ਕੈਸੇ ਹੋ ਗਏ (ਦੁਬਿਧਾ) ਦੁਬਿਧਾ ਨੂੰ ਦੂਰ ਕੀਤਾ ਤੇ ਚਾਰਾਂ ਵਰਨਾਂ ਦੇ ਹੰਕਾਰ ਵਿਚੋਂ ਰਹਿਤ ਹੋਏ ਭਾਵ ਕਿਆ ਕਿ ਮੇਰੀ ਉਚੀ ਜ਼ਾਤ ਹੈ ਤੇਰੀ ਨੀਵੀਂ ਹੈ ਏਹ ਹੰਕਾਰ ਦੂਰ ਕਰ ਦਿਤਾ ਅਤੇ (ਪੰਚ) ਪਾਂਚ [illegible] ਆਦਿਕ ਜੋ ਸ਼ਬਦ ਸਪਰਸ਼ ਰੂਪ ਰਸ ਗੰਧ ਅਤੇ (ਪ੍ਰਪੰਚ) ਸੰਸਾਰ ਦੇ ਭਰਮ ਏਹ ਭੀ ਉਹਨਾਂ ਤੋਂ ਦੂਰ ਹੋ ਗਏ ਅਤੇ (ਦਰਸ) ਚੰਗੇ ਨਜ਼ਰ ਤੋਂ ਰਹਿਤ ਹੋਏ ਭਾਵ ਮਾੜੀ ਦ੍ਰਿਸ਼ਟੀ ਨਾਲ ਕਿਸੇ ਨੂੰ ਨਹੀਂ ਵੇਖਦੇ ॥

ਪਰਸ ਪਾਰਸ ਗੁਰ ਪਰਸ ਪਾਰਸ ਭਏ,
ਕਨਿਕ ਅਨਿਕ ਧਾਤ ਆਪਾ ਅਪਰਸ ਹੈ ॥

---

*"ਗੁਰ ਪਰਚੈ ਉਦਾਸੀ ਹੈ" ਇਤਨਿਆਂ ਅਖਰਾਂ ਨੂੰ ਪੜ੍ਹ ਕੇ ਕਈ ਉਦਾਸੀ [illegible] ਹੀ ਅਰਥ ਸਿਧ [illegible] ਸਾਧੂ ਨੂੰ ਗਾਉਂਦਾ [illegible] ।

ਫਿਰ (ਧਰਮੀ) ਗੁਰੂ ਅਤੇ ਪਾਰਸ ਜੋ ਗੁਰੂ ਰੂਪ ਹੋਣਾ ਨੂੰ [illegible] ਆਪ ਹੀ (ਸੁਰਗ) ਗੁਰੂ ਰੂਪ ਹੋ ਜਾਵੇ , ਜਿਹਾ ਪਾਰਸ ਹੈ । ਫਿਰ ਜੋ (ਅਨਿਕ ਧਾਤੁ) ਅਨੇਕ ਧਾਤਾਂ ਜਿਨਾਂ ਪਾਰਸ ਨੂੰ ਪਰਸ ਕੇ ਸਕਦੀਆਂ ਹਨ [illegible] ਅਗੋਂ ਧਾਤਾਂ ਪਰਸ ਨਹੀਂ ਕਰ ਸਕਦੀਆਂ ਇਸ ਵਾਸਤੇ [illegible] (ਅਨਿਕ ਧਾਤ) ਅਨੇਕਾਂ ਹੀ ਧਾਤਾਂ ਨੂੰ (ਕੰਚਨ [illegible]) ਆਪ ਵੀ ਗੁਰੂ ਰੂਪ ਹੋਣ ਦਾ [illegible] ਨੂੰ ਹੀ [illegible] ॥

ਨਵ ਦੁਆਰ ਪਾਰ ਬ੍ਰਹਮਾਸਨ ਸਿੰਘਾਸਨ ਮੈਂ,

ਨਿਝਰ ਝਰਨ ਰੁਚਿਰ ਨ ਅਨਰਸ ਹੈ ॥

ਜੋ ਸਾਧਕ ਹਨ (ਨਵ ਦੁਆਰ) ਦੇ ਗੋਲਕਾਂ ਰਨ [illegible] ਦਸਵੇਂ ਦੁਆਰ ਦਾ ਸਰੂਪ ਵੀ [illegible] (ਸਿੰਘਾਸਨ) ਰੂਪ ਤਖਤ ਤੇ ਬੈਠੇ ਅਤੇ ਇਕ ਦਮ ਪ੍ਰੇਮ ਰਸ ਦਸਵੇਂ ਦਰਵਾਜ਼ੇ ਦੇ ਝਰਨੇ ਦਾ ਅਨੰਦ [illegible] ਅਤੇ (ਅਨਰਸ) ਹੋਰਨਾਂ ਰਸਾਂ ਵਿਚ (ਰੁਚਿਰ) ਰੁਚੀ ਨਹੀਂ ਹੈ ॥

ਗੁਰਸਿਖ ਸੰਧਿ ਮਿਲੇ ਬੀਸ ਇਕ ਈਸ ਈਸ,

ਅਨਹਦ ਸ਼ਬਦ ਨਾਦ ਅਗਮ ਤਰਸ ਹੈ ॥ ੩੨ ॥

ਜੋ ਗੁਰ ਸਿਖੀ ਦੀ ਮਿਲਣੀ ਨਾਲ ਮਿਲੇ ਹੋ [illegible] (ਈਸ [illegible]) ਵਿਚ ਬੀਸ ਵਾਹਿਗੁਰੂ ਦਾ ਸਰੂਪ ਹੋ ਗਏ ਅਤੇ [illegible] (ਨਾਦ [illegible]) ਅਨੇਕ ਹੋਣਾ [illegible] ਜੋ ਨਹੀਂ ਸੀ [illegible] ਵਿਚ [illegible] ਨਾਲ ਉਹਨਾਂ ਨੂੰ ਉਹ (ਤਰਸ [illegible]) ਕਰ ਦੇਂਦੇ ਹਨ ॥

ਚਰਨ ਕਮਲ ਭਜ ਕਮਲ ਪ੍ਰਗਾਸ ਭਏ,

ਦਰਸ ਦਰਸ ਸਮ ਦਰਸ ਦਿਖਾਏ ਹੈਂ ॥

ਗੁਰਾਂ ਦੇ ਚਰਨ ਕਮਲ ਹਿਰਦੇ ਵਿਚ (ਭਜ) ਜਪਣ ਨਾਲ ਗੁਰਮੁਖਾਂ ਦੇ (ਕਮਲ) ਕਲੀ ਵਾਂਗੂ [illegible] ਪ੍ਰਗਾਸ ਹੋਏ ਫਿਰ [illegible] ਗੁਰਮੁਖਾਂ ਨੇ ਗੁਰਾਂ ਦੇ (ਦਰਸ ਦਰਸ) ਦਰਸ਼ਨ ਦਾ [illegible] ਗੁਰਾਂ ਦੇ ਸਰੂਪ [illegible] ਗੁਰਾਂ ਦੇ [illegible] ਦਿਸਦੀ [illegible] ਦਾ [illegible] ਨਹੀਂ ਆਵਦਨ [illegible] ਪਿਆ ਕਿਸੇ ਨੂੰ [illegible] ਕਰਨ ਦਾ ਨਹੀਂ ॥

ਸਬਦ ਸੁਰਤਿ ਅਨਹਦ ਲਿਵਲੀਨ ਭਏ,

ਉਨ ਮਨ ਮਗਨ ਗਗਨ ਪਰ ਛਾਏ ਹੈਂ ॥

ਫਿਰ ਆਖਦੇ ਹਨ ਕਿ ਜਿਨਾਂ ਗੁਰਮੁਖਾਂ ਦੀ (ਸਿਖ) [illegible]

ਗੁਰਾਂ ਦੇ (ਸਬਦ) ਉਪਦੇਸ਼ ਦੀ (ਸੁਰਤ) ਜਾਗਤ ਮੇਂ ਇਕ ਰਸ (ਲਾਨੀ) ਟਿਕੀ ਰਹਿੰਦੀ ਹੈ ਓਹ (ਉਨਮਨ ਗਗਨ) ਤੁਰੀਆ ਪਦ ਦਸਵਾਂ ਦਰਵਾਜਾ ਉਸ ਵਿਚ (ਮਗਨ) ਮਸਤ (ਮੂਲ) ਪੂਰਨ ਹੋਏ ਭਾਵ ਕੀ ਕਿ ਉਸ ਤੁਰੀਆ ਪਦ ਵਿਚ (ਛਾਏ) ਛਾ ਕੇ ਪੂਰਨ ਮਸਤ ਹੋਏ ॥

ਪ੍ਰੇਮ ਰਸ ਬਸ ਹੋਇ ਬਿਸਮ ਬਿਦੇਹ ਭਏ
ਅਤਿ ਅਸਚਰਜ ਮੈ ਹੇਰਤ ਹਿਰਾਏ ਹੈਂ ।

(ਬਿਸਮ) ਅਸਚਰਜ ਜੋ ਵਾਹਗੁਰੂ ਹੈ ਉਸ ਦੇ ਪ੍ਰੇਮ ਰਸ ਵਿਚ (ਬਸ) ਨਿਵਾਸ ਕਰਕੇ ਵ ਵਸ ਹੋਕੇ (ਬਿਦੇਹ) ਜੀਵਤ ਹੀ ਮੁਕਤਿ ਹੋਗਏ, ਫਿਰ ਓਹ ਜੋ ਬਹੁਤ ਅਸਚਰਜ ਵਾਹਗੁਰੂ ਹੈ ਉਸ ਵਿਚ ਵਸ ਕੇ ਕਿਆ ਕੀਤਾ ਸੋ ਆਖਦੇ ਹਨ ਕਿ ਹੋਰਨਾਂ ਨੂੰ (ਹਿਰਾਏ) ਦਿਖਾਇਆ ਅਤੇ ਆਪ (ਹੇਰਤ) ਵੇਖਿਆ ਵਾ ਵੇਖਕੇ ਵਾਹਗੁਰੂ ਨੂੰ ਹੈਰਾਨ ਹੋਗਏ ॥

ਗੁਰਮੁਖਿ ਸੁਖ ਫਲ ਮਹਿਮਾ ਅਗਾਧ ਬੋਧ
ਅਕਥ ਕਥਾ ਬਿਨੋਦ ਕਹਿਤ ਨ ਆਏ ਹੈਂ ॥੬੩॥

ਪਰ ਗੁਰੂ ਓਹ ਅਨੰਦ ਕਹੇ ਸੋ ਆਖਦੇ ਹਨ ਕਿ ਜੋ ਗੁਰਮੁਖਾਂ ਨੂੰ (ਸੁਖ ਫਲ) ਗਿਆਨ ਪ੍ਰਾਪਤ ਹੋਰਿਹਆ ਹੈ ਉਸਦੀ ਮਹਿਮਾ ਦਾ ਅਨੰਦ (ਬੋਧ) ਜਾਨਣਾ (ਅਗਾਧ) ਮੁਸ਼ਕਲ ਹੈ ਅਤੇ ਓਹਨਾਂ ਦੇ (ਬਿਨੋਦ) ਕੌਤਕਾਂ ਦੀ ਕਥਾ ਭੀ ਅਕਥ ਹੈ ਕਿਸੇ ਕਥੀ ਨਹੀਂ ਜਾਂਦੀ ਅਤੇ ਉਸ ਅਨੰਦ ਦਾ ਅਨੰਦ ਭੀ ਕਹਣੇ ਵਿਚ ਨਹੀਂ ਆਉਂਦਾ ਹੈ ॥ ੬੩ ॥

ਦੁਰਮਤਿ ਮੇਟ ਗੁਰਮਤਿ ਹਿਰਦੈ ਪ੍ਰਗਾਸ।
ਖੋਇ ਕੈ ਅਗਿਆਨ ਜਾਨੇ ਬ੍ਰਹਮ ਗਿਆਨੇ ਹੈ ॥

ਅਬ ਵਰਨਨ ਕਰਦੇ ਹਨ ਕਿ ਜੋ ਗੁਰ ਸਿਖੀ ਦੀ (ਸੰਧਿ) ਮਿਲੌਨੀ ਨਾਲ ਮਿਲੇ ਹਨ (ਬੀਸ) ਜਿਸਕੇ ਕਰਕੇ ਓਹਨਾ ਗੁਰਮੁਖਾਂ ਦਾ ਗੁਰਾਂ ਨੇ (ਦੁਰਮਤਿ) ਖੋਟੀ ਅਕਲ (ਮੇਟ) ਦੂਰ ਕਰ ਦਿਤੀ ਵ ਓਹਨਾਂ ਗੁਰਮੁਖਾਂ ਦੀ ਗੁਰਾਂ ਨਾਲ ਮਿਲਨ ਨਾਲ ਹੀ ਦੁਰਮਤਿ ਦੂਰ ਹੋਗਈ ਸੋ ਫਿਰ ਕਿਆ ਹੋਆ ਕਿ (ਗੁਰਮਤਿ) ਗੁਰਾਂ ਦੀ ਸਿਖਿਆ ਨੇ ਹਿਰਦੇ ਵਿਚ ਪ੍ਰਕਾਸ਼ ਕੀਤਾ ਵ ਗੁਰਾਂ ਦੀ ਸਿਖਿਆ ਹਿਰਦੇ ਵਿਚ ਪ੍ਰਕਾਸੀ ਪੂਰੂ ਪਹਲੇ ਅਰਥ ਅਨੁਸਾਰ ਆਖਦੇ ਹਨ ਕਿ ਗੁਰਾਂ ਦੀ ਸਿਖਿਆ ਨੇ ਹਿਰਦਾ ਪ੍ਰਕਾਸ਼ ਕੀਤਾ ਜੋ ਮੁਹਕਲੇ ਅਖਰਾਂ ਵਿਚ ਵਰਨਨ ਕਰਦੇ ਹਨ ਕਿ (ਖੋਇਕੈ) ਦੂਰ ਕਰਕੇ ਅਗਿਆਨ ਨੂੰ ਜੋ (ਬ੍ਰਹਮ) ਵਾਹਗੁਰੂ ਦਾ ਜਾਨਣਾ ਕੀਤਾ ਭਾਵ ਕਿਆ ਵਾਹਗੁਰੂ ਦੇ ਗਿਆਨ ਦਾ ਗਿਆਨੁ ਹੋਆ ॥

ਦਰਸ ਧਿਆਨ ਆਨ ਧਿਆਨ ਬਿਸਮਰਨ ਹ੍ਵੈ
ਸਬਦ ਸੁਰਤਿ ਮੋਨਿ ਬ੍ਰਤ ਪਰਵਾਨੇ ਹੈ ॥

ਗੁਰਾਂ ਦਾ ਦਰਸ਼ਨ ਜਦ ਵੇਖਿਆ ਤਾਂ ਜਦ ਗੁਰਾਂ ਦੇ ਦਰਸ਼ਨ ਦਾ ਧਿਆਨ ਕੀਤਾ ਤਾਂ (ਆਨ) ਹੋਰ ਦੇਵੀ ਦੇਵਤਿਆਂ ਦਾ ਧਿਆਨ (ਬਿਸਮਰਨ) ਦੂਰ ਹੋ ਗਿਆ ਜੋ ਭੁਲ ਕਰ ਦਿਤਾ ਅਤੇ ਜਿਹੜਾ ਗੁਰਾਂ ਦੇ (ਸਬਦ) ਉਪਦੇਸ਼ ਵਿਚ (ਸੁਰਤਿ) ਬ੍ਰਿਤੀ ਲਗਾਈ ਤਾਂ (ਮੋਨ ਬ੍ਰਤ) ਚੁਪ ਹੀ ਰਹਿਣਾ ਚੰਗਾ ਸਮਝਿਆ, ਪਰ ਇਸ ਉਪਰ ਜਗਤ ਪ੍ਰਸੰਨ ਕਰਦਾ ਹੈ।

"ਹਨੂਮਾਨ ਨਾਟਕੇ"

ਮੋਨ ਤੇ ਮੋਨ ਸਰੋਵਰੀ ਰਹੇ ਬਿਨ ਬੋਲੇ ਰੁਕੇ ਘਰ ਜੇ ਨ [illegible]

"ਜੋ ਉਤਰ ਦੇਂਦੇ ਹੋਨ"

ਕਿ ਚੁੱਪ ਨੂੰ ਧਾਰਨ ਕੀਤਾ ਭਾਵ ਕਿਉਂ ਕਿ ਚਿਤ ਦੀ ਏਕਾਗਰਤਾ ਨੂੰ (ਪਰਵਾਨੇ) ਕਿਸਦੇ ਕੀਤਾ॥

ਪ੍ਰੇਮ ਰਸ ਰਸਿਕ ਹ੍ਵੈ ਅਨਰਸ ਰਹਿਤ ਹ੍ਵੈ
ਚੌਕੀ ਮੈ ਜੋਤਿ ਸਰੂਪ ਸੋਹੀ ਸੁਰਤਾਨੇ ਹੈ ।

ਪ੍ਰੇਮ ਰਸ ਦੇ (ਰਸਿਕ) ਰਸੀਏ ਵ ਭੁਗਤਾਰ ਹੋਏ ਅਤੇ (ਅਨਰਸ) ਦੂਜਿਆਂ ਤੇ ਰਹਿਤ ਹੋਏ, ਪ੍ਰਭੂ ਆਖਦੇ ਹਨ ਕਿ ਕਿਤੇ ਭੀ ਇਕ ਨਾਦ ਹੀ ਸੀ ਸੋ (ਲੋਕਾਂ ਜੋ) ਪੰਜ ਜੋਤੀ ਹਨ ਸਾਰੇ ਆਦਰ ਉਹਨਾਂ ਦਾ ਕੀ ਇਕ (ਸਰੂਪ) ਗੁਰੂ ਪ੍ਰਕਾਸ਼ ਹੈ (ਸੋਹੀ) ਮੈਂ, ਤੂੰ, ਤੂੰ ਮੈਂ ਉਸ ਵਿਚ (ਸੁਰ) ਚਿਤ ਬ੍ਰਿਤੀ ਨੂੰ (ਤਾਨੇ) ਜ਼ੋਰ ਨਾਲ ਖਿਚਕੇ ਲਗਾਉਂਦੇ ਹਨ॥

ਗੁਰ ਸਿੱਖ ਸੰਧਿ ਮਿਲੇ ਬੀਸ ਇਕਈਸ ਈਸ
ਪੂਰਨ ਬਿਬੇਕ ਟੇਕ ਏਕ ਹਿਯੇ ਆਨੇ ਹੈਂ ॥੨੪॥

ਜੋ ਗੁਰੂ ਸਿਖੀ ਦੀ ਮਿਲੌਣੀ ਨਾਲ ਮਿਲੇ ਹਨ (ਬੀਸ) ਨਿਸਚੇ ਕਰਕੇ ਓਹ (ਈਸ) ਵਿਸਵਾ (ਇਕਈਸ) ਇਕ ਵਾਹਿਗੁਰੂ ਪੂਰਨ ਜੋ ਹੈ ਜਿਸਦੇ (ਬਬੇਕ) ਵਿਚਾਰ ਦੀ ਇਕ ਟੇਕ ਹਿਰਦੇ ਮੈਂ ਲਿਆਉਂਦੇ ਹਨ ॥ ੨੪ ॥

ਰੋਮ ਰੋਮ ਕੋਟਿ ਬ੍ਰਹਮਾਂਡ ਕੋ ਨਿਵਾਸ ਜਾਸ
ਮਾਨਸ ਔਤਾਰ ਧਾਰ ਦਰਸ ਦਿਖਾਏ ਹੈਂ ॥

(ਜਾਸ) ਜਿਸ ਵਾਹਿਗੁਰੂ ਦੇ ਇਕ ਇਕ ਰੋਮ ਨਾਲ ਕ੍ਰੋੜਾਂ ਬ੍ਰਹਮੰਡ ਨਿਵਾਸ ਕਰ ਰਹੇ ਹਨ ਓਹੋ ਹੀ ਵਾਹਿਗੁਰੂ (ਮਾਨਸ) ਮਨੁਖਾ ਅਵਤਾਰ ਧਾਰਕੇ,

ਗੁਰੂ ਰੂਪ ਹੋਕੇ ਦਰਸ਼ਨ ਦਿਖਾਉਂਦੇ ਹੈਨ ਭਾਵ ਕੀ ਕਿ ਉਹੋ ਹੀ ਵਾਹਿਗੁਰੂ ਦਾ ਸਰੂਪ ਗੁਰੂ ਨਾਨਕ ਸਾਹਿਬ ਆਦਿਕ ਗੁਰੂ ਮਾਨਸ ਦੇਹ ਧਾਰ ਕੇ ਆਏ ਹਨ ।

ਜੈਸੇ—ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥ (ਸ੍ਵ:)

ਜਾ ਕੇ ਓਅੰਕਾਰ ਕੇ ਅਕਾਰ ਹੈਂ ਨਾਨਾ ਪ੍ਰਕਾਰ
ਸ੍ਰੀ ਮੁਖ ਸਬਦ ਗੁਰ ਸਿਖਨ ਸੁਨਾਏ ਹੈਂ ॥

ਜਿਸ (ਓਅੰਕਾਰ) ਮੰਗਲ ਸਰੂਪ ਵਾਹਿਗੁਰੂ (ਅਕਾਰ) ਦੇ ਏਹ ਸਾਰੇ ਜੀਵ ਬਹੁਤ ਤਰਾਂ ਦੇ ਹਨ ਓਹੋ ਹੀ ਅਕਾਲ ਪੁਰਖ ਗੁਰੂ ਰੂਪ ਹੋਕੇ, (ਸ੍ਰੀ ਮੁਖ) ਸੁਭਾਇਮਾਨ ਮੁਖ ਸੇ (ਸ਼ਬਦ) ਉਪਦੇਸ਼ ਸਿਖਾਂ ਨੂੰ ਸੁਨਾ ਰਹੇ ਹਨ ।

ਜਗਤ ਭੋਗ ਨਈਵੇਦ ਜਗਤ ਭੁਗਤ ਜਾਂਹਿ,
ਅਸਨ ਬਸਨ ਗੁਰ ਸਿਖਨ ਭੁਗਤਾਏ ਹੈਂ ॥

(ਜਾਂਹਿ) ਜਿਸ ਵਾਹਿਗੁਰੂ ਦੇ ਮਿਲਣ ਵਾਸਤੇ ਜਗਤ ਦੇ ਲੋਕੀਂ ਜਗਤ ਵਿਚ ਭੋਗ ਪਦਾਰਥਾਂ ਨੂੰ ਲਗਾ ਰਹੇ ਹਨ ਭਾਵ ਕਿਆਕਿ ਜੋਗਅਭਿਆਸ ਕਰਦੇ ਹਨ ਅਤੇ ਬਹੁਤ ਦੇ ਰਿਖੀਆਂ ਮੁਨੀਆਂ ਨੂੰ ਮੰਨ ਕਰਦੇ ਹਨ ਕਿ ਕਿਵੇਂ ਅਸਾਨੂੰ ਵਾਹਿਗੁਰੂ ਮਿਲੇ ਅਤੇ (ਨਈਵੇਦ) ਹੋਰ ਭੇਟਾ ਆਦਿਕ ਦੇਵੀ ਦੇਵਤਿਆਂ ਨੂੰ ਅਰਪਨ ਕਰਦੇ ਹਨ ਕਿ ਕਿਵੇਂ ਅਸਾਨੂੰ ਵਾਹਿਗੁਰੂ ਮਿਲੇ ਅਤੇ ਹੋਰ ਸਾਰੀ ਜਗਤ ਵਿਚ ਕੁਰਬਾਨੀਆਂ ਕਰ ਰਹੇ ਹਨ ਵ ਜਗਤ ਵਿਚ ਭਗਤ ਬਣ ਰਹੇ ਹਨ, ਤਪਸਿਆ ਨੂੰ ਕਰਦੇ ਕਿ ਕਿਵੇਂ ਸਾਨੂੰ ਵਾਹਿਗੁਰੂ ਮਿਲੇ ਪਰ ਵਾਹਿਗੁਰੂ ਕਿਵੇਂ, ਭਾਵ ਕਿਆ ਕਿ ਏਹ ਕਿਤੇ ਸਭ ਕਰਮ ਕਰਨੇ ਨਾਲ ਵਾਹਿਗੁਰੂ ਨਹੀਂ ਮਿਲਦਾ, ਪਰ ਪ੍ਰਸ਼ਨ ਐਸੇ ਹੀ ਹੋਣਾ ਹੈ ਕਿ ਜਿਸ ਵਾਸਤੇ ਲੋਕ ਇਤਨੇ ਜਤਨ ਕਰ ਰਹੇ ਹੈਨ ਓਹੀ, ਹੀ ਵਾਹਿਗੁਰੂ ਗੁਰੂ ਰੂਪ ਹੋਕੇ ਸਿਖਾਂ ਨੂੰ (ਅਸਨ ਬਸਨ) ਭੋਜਨ ਬਸਤ੍ਰ ਆਦਿਕ ਭੋਗੇ (ਲਗਾਏ) ਅਨੰਦ ਕਰਾ ਰਹੇ ਹਨ ਅਥਵਾ ਉਸ ਵਾਹਿਗੁਰੂ ਨੂੰ ਗੁਰੂ ਜਾਨ ਕੇ ਤਨ, ਮਨ, ਧਨ ਸਿਖ ਅਰਪਨ ਕਰਕੇ (ਲਗਾਏ) ਅਨੰਦ ਹੋ ਰਹੇ ਹਨ ਜੈਸੇ ਕਿ ਪੰਜ ਪਿਆਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸੀਸ ਅਰਪਨ ਕਰਕੇ ਅਨੰਦ ਹੋਏ ਸਨ ॥

ਨਿਗਮ ਸੇਖਾਦਿਕ ਕਹਤ ਨੇਤਿ ਨੇਤਿ ਕਰ,
ਪੂਰਨ ਬ੍ਰਹਮ ਗੁਰ ਸਿਖਨ ਲਖਾਏ ਹੈਂ ॥ †੧॥੩੫॥

---

†ਏਹ ਜੋਹਜ਼ਾ (੧) ਏਕਾਗਰ ਆਯਾ ਹੈ ਏਹ ਇਸ ਵਾਸਤੇ ਹੈ ਜੋ ਇਸ ਜਗ੍ਹਾ ਤੇ ਪ੍ਰਸੰਗ ਬਦਲ ਗਿਆ ਹੈ ਭਾਵ ਇਸ ਕਬਿਤ ਦਾ ਮੈਂ ਸਿਧ ਕੀਤਾ—

ਜਿਸ ਵਾਹਿਗੁਰੂ ਨੂੰ (ਅਕਾਮੀ) ਵੇਦ (ਜਿਆਦਨ) ਮੈਸਨਾਗ ਆਦਿਕ ਗ੍ਰੰਥ) ਉਚਾਰਨ ਕਰਦੇ ਹਨ (ਨੇਤਿ ਨੇਤਿ) ਅਤੇ ਅਜੇ [illegible] ਨਹੀਂ ਹੋਰ ਭੀ ਜਿਨ੍ਹਾਂ ਹਦ ਕੋਈ ਨਹੀਂ ਤੇ ਬਿਅੰਤ ਬਿਅੰਤ ਹੈ ਉਹੋ ਹੀ ਵਾਹਿਗੁਰੂ ਜੋ (ਪੂਰਨ ਬ੍ਰਹਮ) ਸਰਬ ਕਰਤਾ ਮਾਨੀਏ, ਗੁਰੂ ਜੀ ਆਪਣੇ ਸਿਖਾਂ ਨੂੰ ਦਿਖਾਂਦੇ ਹੈਨ ਵਾ ਉਸ ਵਾਹਿਗੁਰੂ ਨੂੰ ਗੁਰੂ ਰੂਪ ਗੁਰੂ ਤੇ ਸਿਖ ਜਾਣਦੇ ਹੈਨ ॥੪॥ [illegible]

ਨ੍ਰਿਗੁਨ ਸਰਗੁਨ ਹੈ ਅਲਖ ਅਬਿਗਤਿ ਰੂਪ,
ਪੂਰਨ ਬ੍ਰਹਮ ਗੁਰੂ ਰੂਪ ਪ੍ਰਗਟਾਏ ਹੈਂ ॥

(ਨਿਰਗੁਨ) ਬਿਨਾ ਆਕਾਰ ਤੇ ਜੋ ਵਾਹਿਗੁਰੂ (ਅਬਿਗਤਿ ਜਿਸਦੀ ਗਤਿ ਕੋਈ ਨਹੀਂ ਕਰ ਸਕਦਾ ਵ ਜਿਸਦੀ ਅਬਗਤਿ ਗਾਈਏ ਉਸ ਪਾਸ ਜਾਈ ਗਤੀ ਨਹੀਂ ਹੋ ਸਕਦੀ ਅਸਚਰਜ ਹੈ ਓਹੋ ਹੀ ਸਰਗੁਨ ਰੂਪ ਹੋਕੇ (ਅਲਖ) ਜੋ ਨ ਵੇਖਿਆ ਜਾਏ (ਪੂਰਨ ਬ੍ਰਹਮ) ਅਕਾਲ ਪੁਰਖ ਜੋ ਗੁਰੂ ਰੂਪ ਹੋਕੇ ਪ੍ਰਗਟ ਆਏ ਹੈਂ ਭਾਵ ਕੀਹ ਕਿ ਵਾਹਿਗੁਰੂ ਦਾ ਸਰੂਪ ਗੁਰੂ ਨਾਨਕ ਜੀ ਆਏ ਹਨ।

ਸਰਗੁਨ ਸ੍ਰੀ ਗੁਰ ਦਰਸ ਕੈ ਧਿਆਨ ਰੂਪ,
ਅਕਲ ਅਕਾਲ ਗੁਰੂ ਸਿਖਨ ਦਿਖਾਏ ਹੈਂ ॥

(ਆਪਣੇ ਸਿਖਾਂ ਨੂੰ ਸ੍ਰੀ ਗੁਰੂ ਜੀ ਆਪਣਾ (ਦਰਸ) ਦਰਸ਼ਨ [illegible] ਹੈਨ [illegible] ਕੇ) ਕਰਾ ਰਹੇ ਹਨ ਸਰਗੁਨ ਰੂਪ (ਅਕਲ) ਅਕਾਲ ਵਾਹਿਗੁਰੂ ਦੇ ਧਿਆਨ ਦਾ ਰੂਪ। ਭਾਵ ਕੀ ਕਿ ਗੁਰੂ ਨਾਨਕ ਜੀ ਦਾ ਰੂਪ ਅਕਾਲ ਪੁਰਖ ਹੈਨ ਏਹ ਅਭੇਦਤਾ ਗੁਰ ਸਿਖਾਂ ਨੂੰ ਗੁਰਾਂ ਨੇ ਦਿਖਾਇ ਦਿਤੀ ਹੈ, ਬੀਜ ਦਾ ਰੂਪ ਬ੍ਰਿਛ ਤੇ ਬ੍ਰਿਛ ਦਾ ਰੂਪ ਬੀਜ ਹੈ॥

ਨਿਰਗੁਨ ਸ੍ਰੀ ਗੁਰ ਸਬਦ ਅਨਹਦ ਧੁਨਿ,
ਸਬਦ ਬੇਦੀ ਗੁਰ ਸਿਖਨ ਸੁਨਾਏ ਹੈਂ ॥

ਸ੍ਰੀ ਗੁਰੂ ਜੀ ਜੋ ਹੈਂ (ਬੇਦੀ) ਕੁਲ ਵਾਲੇ ਜਾਂ [illegible] ਵਾਲੇ ਉਨ੍ਹਾਂ ਦਾ (ਸਬਦ) ਉਪਦੇਸ਼ (ਅਨਹਦ) ਇਕ ਰਸ (ਧੁਨਿ) ਬਾਣੀ ਜੋ ਉਚਾਰਨ ਕੀਤਾ ਹੋਯਾ ਇਹੋ ਹੀ ਨਿਰਗੁਨ (ਸਬਦ) ਬ੍ਰਹਮ ਵਾਹਿਗੁਰੂ ਦੇ ਮਿਲਾਪ ਦਾ ਕਾਰਨ ਹੈ ਸ੍ਰੀ ਗੁਰੂ ਜੀ ਸਿਖਾਂ ਨੂੰ ਸੁਨਾਂਦੇ ਹੈਨ॥

ਸ੍ਰ ਗੁਰਾਂ ਹਾਂ ਏਥ ਗੁਰੂ ਤੇ ਅਕਾਲ ਪੁਰਖ ਇਕ ਰੂਪ [illegible] ਬਾਣੀ ਜੀ [illegible] ਕੀਤੇ ਹਨ ਇਸ ਵਾਸਤੇ ਔਰ ਨਵੇਂ ਪ੍ਰੀਤੂ ਦਾ [illegible] ਸਿਖ ਇਕੋ ਹੈ ਅਤੇ ਪੌੜੀ ਅੰਗ ਅਗੇ ਲਿਖਿਆਂ ਦੀ [illegible] ਦਾ [illegible] ਹੁੰਦਾ ॥

ਚਰਨ ਕਮਲ ਮਕਰੰਦ ਨਿਜ ਧਾਮ ਧਾਮ,
ਗੁਰ ਸਿਖ ਮਧੁਕਰ ਗਤਿ ਲਪਟਾਏ ਹੈਂ ॥੨॥੯੬॥

ਗੁਰੂ ਦੇ ਚਰਨ ਕਮਲਾਂ ਦੀ (ਮਕਰੰਦ) ਫੁਲਾਂ ਦੀ ਧੂੜੀ ਸੁਗੰਧੀ ਭਾਵ ਕਿਰਪਾ ਭਰੀ ਨਿਸ਼ਕਾਮਤਾ ਦਾ (ਧਾਮ) ਘਰ ਹੈ ਅਤੇ ਐਸੇ ਹੀ ਗੁਰੂ ਦੇ ਸਿਖ ਆਪਣੇ ਮਨ (ਮਧੁ ਕਰ) ਭੌਰੇ ਨੂੰ (ਗਤਿ) ਉਪਰ ਲਪਟਾਨਾ ਕਰਾ ਦਿੰਦੇ ਹਨ ਭਾਵ ਕਿਆ ਕਿ ਜਿਸ ਤਰ੍ਹਾਂ ਫੁਲਾਂ ਦੀ ਧੂੜੀ ਦੀ ਸੁਗੰਧੀ ਪ੍ਰਾਪਤ ਹੁੰਦੀ ਹੈ ਉਸ ਉਪਰ ਭੌਰਾ ਮਸਤਾਨਾ ਹੋਇਆ ਰਹਿੰਦਾ ਹੈ ਐਸੇ ਹੀ ਸਿਖ ਗੁਰੂ ਕਾ ਭਗਤੀ ਰੂਪੀ ਸੁਗੰਧੀ ਦੀ ਵਾਸਨਾ ਲੈਣ ਵਾਲੇ ਭੌਰੇ ਦੀ (ਗਤਿ) ਨਿਆਈਂ ਗੁਰਾਂ ਦੇ ਚਰਨ ਕਮਲਾਂ ਪਰ ਲਪਟ ਰਹਿੰਦੇ ਹਨ ਭਾਵ ਫਿਰਦੇ ਰਹਿੰਦੇ ਹਨ ॥ ੨ ॥ ੯੬ ॥

ਪੂਰਨ ਬ੍ਰਹਮ ਗੁਰ ਬੇਲ ਹ੍ਵੈ ਚੰਬੇਲੀ ਗਤਿ,
ਮੂਲ ਸਾਖਾ ਪਤ੍ਰ ਕਰ ਬਿਬਿਧ ਬਿਥਾਰ ਹੈ ॥

ਹੁਣ ਆਪ ਗੁਰੂ ਨਾਨਕ ਜੀ ਨੂੰ ਚੰਬੇਲੀ ਦੀ ਵੇਲ ਰੂਪ ਕਲਪ ਕਰ ਵਰਨਨ ਕਰਦੇ ਹਨ ਪ੍ਰਭੂ ਪਹਿਲੇ ਵਾਹਿਗੁਰੂ ਨਾਲ ਅਭੇਦਤਾਈ ਕਥਨ ਕਰਦੇ ਹਨ ਅਤੇ ਗੁਰਮੁਖਾਂ ਦੇ (ਮਾਰਗ) ਰਸਤੇ ਸਤਸੰਗ ਵਿਚ (ਪਤਿਤ) ਪਾਪੀ ਆਂ ਨੂੰ (ਪੁਨੀਤ) ਪਵਿਤ੍ਰ ਹੋਣ ਦੀ ਮਰਯਾਦਾ ਕਥਨ ਕਰਦੇ ਹਨ ਪਰ ਆਪ ਆਖਦੇ ਹਨ ਕਿ ਜਿਨਾਂ ਗੁਰਮੁਖਾਂ ਦੇ ਰਸਤੇ ਵਿਚ ਪਾਪੀ ਆਕਰ ਪਵਿਤ੍ਰ ਹੁੰਦੇ ਹਨ ਉਹਨਾਂ ਨੇ ਜੋ ਗੁਰੂ ਧਾਰਨ ਕੀਤੇ ਹਨ ਉਹ ਗੁਰੂ ਕੈਸੇ ਹਨ ਵਾ ਕੈਸੇ ਪ੍ਰਾਪਤ ਹੁੰਦੇ ਹਨ ਵਾ ਕਿਸ ਢਬ ਨਾਲ ਇਹਨਾਂ ਗੁਰੂਆਂ ਨੇ ਰੂਪ ਧਾਰਨ ਕੀਤਾ ਇਸ ਪ੍ਰਥਾਇ ਕਥਨ ਕਰਦੇ ਹਨ ਆਪ ਆਖਦੇ ਹਨ ਕਿ ਪੂਰਨ ਬ੍ਰਹਮ ਜੋ ਵਾਹਿਗੁਰੂ ਹੈ ਓਹੋ ਹੀ ਗੁਰੂ ਨਾਨਕ ਦੇਵ ਜੀ ਹੈ ਚੰਬੇਲੀ ਵੇਲਿ ਦੀ (ਗਤਿ) ਭਾਂਤੀ, ਨਿਆਈਂ ਭਾਵ ਚੰਬੇਲੀ ਵਰਗੀ, ਪਰ ਉਸ ਚੰਬੇਲੀ ਦਾ ਬੀਜ ਨਹੀਂ ਹੁੰਦਾ ਭਾਵ ਕਿਆ ਕਿ ਉਹ ਟਾਹਣੀਆਂ ਪੁਟਕੇ ਲਗਾਈਆਂ ਜਾਂਦੀਆਂ ਹਨ ਤੇ ਉਸਦੀ ਪਛਾਨ ਵਾਸਨਾ ਵਿਚੋਂ ਹੁੰਦੀ ਹੈ ਕਿ ਇਹ ਚੰਬੇਲੀ ਹੈ। ਨਹੀਂ ਤਾਂ ਕੁਝ ਨਹੀਂ ਜਾਣਿਆ ਜਾਂਦਾ (ਮੂਲ) ਮੁਢ ਵ ਗੁਰੂ ਨਾਨਕ (ਵ ਵਿਚਾਰ ਸੇ ਵੀ ਹਥੀ ਨਹੀਂ ਮਿਲਦਾ) ਏਹ ਅੰਤ੍ਰੀਵ ਸਮਝ ਹੈ (ਸਾਖਾ) ਟਾਹਣੀਆਂ ਵਾ ਭਾਈ ਬੁਢੇ ਵਰਗੇ ਦ ਕਵਤਾ ਮੁਰਬਾ ਸੋੜੀ ਸੋ ਵੀ ਹਥੀ ਨਹੀਂ ਮਿਲਦਾ (ਪਤ੍ਰ) ਪਤ ਵ ਹੋਰ ਸਿਖ ਜਗਿਆਸੂ ਵ ਨਿਸ਼ਕਾਮ ਕਰਮ ਸੇ ਵੀ ਨਹੀਂ ਮਿਲੇ ਪਰ ਉਸ ਗੁਰੂ ਨਾਨਕ ਦੇ ਜਿਸ ਰੂਪ ਦੀ ਪਛਾਣ ਗੁਰੂ ਅੰਗਦ ਜੀ ਵਿਚੋਂ ਨਿਕਲੀ ਸੋ ਗੁਰੂ ਨਾਨਕ ਦਾ ਰੂਪ ਹੈ ਇਹਨਾਂ ਦਾ ਕਥਨ ਕਰਾਂ ਨਾਲ (ਬਿਥਾਰ) ਫੈਲਾਉ ਹੋਇਆ ਹੈ (ਗੁਰਸਿਖ)

ਜੋ ਸ੍ਰੀ ਗੁਰੂ ਅੰਗਦ ਜੀ ਦੇ ਬਾਰ ਕਿਹਾ ਉਹ ਗੁਰੂ ਨਾਨਕ ਜੀ ਦੀ ਦੇਹ ਦੇ ਬਾਰ ਪਾਰ ਬ੍ਰਹਮ ਦਾ ਰੂਪ ਅਤੇ ਪਾਰਬ੍ਰਹਮ ਗੁਰੂ ਨਾਨਕ ਦਾ ਰੂਪ ਅਰ (ਪੂਰਨ ਬ੍ਰਹਮ) ਵਾਹਿਗੁਰੂ ਦੀ ਅਥਵ ਗੁਰੂ ਅੰਗਦ ਜੀ ਦੇ ਵਿਚੋਂ ਲਵੇਗੀ ਸੋ ਗੁਰੂ ਅੰਗਦ ਜੋਦੀ ਭਗਤਾਂ ਦੁਆਰਾ ਪ੍ਰਗਟਿਆ ਪਤਾ ਲਗਾਉਂਦੀ (ਤਾਮੈ) ਉਸ ਗੁਰੂ ਅੰਗਦ ਜੀ (ਪੁਹਪ) ਫੁਲ ਦੇ ਵਿਚ (ਸੁਬਾਸ) ਸੁਗੰਧੀ (ਨਿਜਰੂਪ ਆਪਣੇ ਰੂਪ ਗੁਰੂ ਨਾਨਕ ਜੀ ਦਾ ਪਰਕਾਸ ਜੋ ਹੈ ਸੋ ਗੁਰੂ ਅੰਗਦ ਜੀ ਵਿਚ ਪ੍ਰਗਟ ਹੋ ਗਈ ਕਿ ਗੁਰੂ ਜੀ ਨੇ ਆਖਿਆ ਸੀ ਕਿ ਜਾਹ ਬਚਾ ਹੁਣ ਤੂੰ ਸਾਡਾ ਰੂਪ ਹੋ ਗਿਓਂ ਅਤੇ ਖਡੂਰ ਵਿਚ ਜਾਕੇ ਸੰਗਤਾਂ ਨੂੰ ਤਾਰ ਅਤੇ ਉਠੇ ਲਹਿਣਾ ਸੀ ਅਸਾਂ ਤੇਰਾ ਦੇਣਾ ਸੀ ਤਾਂਤੇ ਤੇਰਾ ਨਾਮ ਲਹਿਣਾ ਹੋਇਆ ਅਤੇ ਸਾਡੇ ਅੰਗਾਂ ਵਿਚੋਂ ਤੂੰ ਪ੍ਰਗਟ ਹੋਇਆ ਹੈਂ ਇਸ ਵਾਸਤੇ ਤੇਰਾ ਨਾਮ ਗੁਰੂ ਅੰਗਦ ਧਰਿਆ ਹੁਣ ਤੈਨੂੰ ਕੁਝ ਮੁਸ਼ੱਕਤ ਕਰਨ ਦੀ ਲੋੜ ਨਹੀਂ ਕਿਉਂਕਿ ਬਹੁਤ ਕਮਾਈ ਅਸਾਂ ਤੇਰੇ ਵਾਸਤੇ ਕੀਤੀ ਹੋਈ ਹੈ॥

ਗੁਰ ਸਿਖ ਪੁਹਪ ਸੁਬਾਸ ਨਿਜ ਰੂਪ ਤਾਮੈ,
ਪ੍ਰਗਟ ਹ੍ਵੈ ਕਰਤ ਸੰਸਾਰ ਕੋ ਉਧਾਰ ਹੈ ॥

(ਗੁਰ ਸਿਖ) ਗੁਰੂ ਅੰਗਦ ਜੀ ਜੋ ਫੁਲ ਹਨ ਉਸ ਵਿਚ ਵਾਸਨਾ ਨਿਜ ਰੂਪ ਆਪਣਾ (ਸਰੂਪ) ਭਾਵ ਗੁਰੂ ਨਾਨਕ ਜੀ ਦਾ ਸਰੂਪ (ਤਾਮੈ) ਉਸ ਵਿਚ ਪ੍ਰਗਟ ਹੋਏ ਤਾਂ ਵਾਹਿਗੁਰੂ ਵਿਚ ਪ੍ਰਗਟ ਹੋਕੇ ਸੰਸਾਰ ਤੇ ਅਪਣੇ ਆਪਕੋ ਉਧਾਰ ਕਰਦਾ ਹੈ ਭਾਵ ਪਹਿਲੇ ਆਪਣੇ ਆਪ ਨੂੰ ਉਧਾਰਕੇ ਫਿਰ ਸੰਸਾਰ ਨੂੰ ਤਾਰਨਾ ਕਰਦਾ ਹੈ,

ਤਿਲ ਮਿਲ ਬਾਸਨਾ ਸੁਬਾਸ ਕੌ ਨਿਵਾਸ ਕਰ,
ਆਪਾ ਖੋਇ ਹੋਇ ਹੈ ਫੁਲੇਲ ਮਹਿ ਸਾਰ ਹੈ ॥

(ਤਿਲ) ਜਦ ਮਿਲ ਜਾਏ (ਬਾਸਨਾ) ਬਾਸਨਾ ਵਾਲੇ ਫੁਲ, ਫੁਲਾਂ ਦੇ ਨਾਲ ਜਾ (ਸੁਬਾਸ) ਸੁਗੰਧ ਕਰਨਾ ਦਾ ਵਿਚ ਨਿਵਾਸ ਹੋ ਗਿਆ ਭਾਵ ਪਹਿਲੇ ਤਿਲ ਨਾਮ ਸੀ ਪਰ ਜਦ ਜਿਨ ਕਿਸੇ ਫੁਲਾਂ ਨਾਲ ਤਿਲ ਮਿਲ ਗਏ ਤਾਂ ਉਸੇ ਦੀ ਨਾਮ ਦੀ ਸੰਗਤਾ ਵਾਲਾ ਅਤਰ ਹੋ ਗਿਆ ਜੇਕਰ ਤਿਲਾਂ ਦੇ ਫੁਲਾਂ ਨਾਲ ਤਿਲ ਮਿਲ ਜਾਣ ਤਾਂ ਫੁਲੇਲ ਬਣ ਗਿਆ, ਤਿਲ ਨੂੰ ਅਤੇ ਫੁਲਾਂ ਨੂੰ ਮੇਲਕੇ ਇਤਰ ਅਤਰ ਨਿਕਾਲਦੇ ਹੈਨ, ਜਿ ਫਿਰ ਤਹ ਤਿਲਾਂ ਦੀ ਦੂਜੀ ਤਹ ਫੁਲਾਂ ਦੀ ਫਿਰ ਇਕ ਤਹ ਤਿਲਾਂ ਦੀ ਫਿਰ ਦੂਜੀ ਤਹ ਫੁਲਾਂ ਦੀ ਇਸਤਰ੍ਹਾਂ ਰਖਦੇ ਜਾਂਦੇ ਹਨ ਜਦ ਫੁਲ ਤਿਲਾਂ ਨਾਲ ਮਿਲ ਜਾਂਦੇ ਹਨ ਅਤੇ ਤਿਲ ਫੁਲਾਂ ਨਾਲ ਮਿਲ ਜਾਂਦੇ ਹਨ ਤਾਂ ਇਕ ਰੂਪ ਹੋ ਜਾਂਦੇ ਹਨ ਤਿਸਤਰ੍ਹਾਂ ਅਤਰ ਸਦਾਂ ਨਹੀਂ ਸਗੋਂ ਸਭੀ ਸੁਗੰਧੀ ਆਉਂਦੀ ਹੈ (ਆਪਾ) ਜਦ ਆਪਣਾ ਤਿਲਾਂ ਨੇ ਆਪਣਾ ਆਪ

ਝਖਿਆਂ ਤਾਂ ਭੁਲਾਂ ਦਾ ਰੂਪ ਹੋ ਜਾਏ ਐਸੇ ਭੁਲਾਂ ਦੇ ਇਲਾਜ ਹੀ ਲਈ ਇਸ ਪੁਰਸ਼ ਦੇ ਆਪਾ ਭਾਵ ਨੂੰ ਦੂਰ ਕਰਕੇ ਵ ਜਦ ਉਹਨਾਂ ਦਾ ਆਪਾ ਭਾਵ ਦੂਰ ਹੋਇਆ ਤਾਂ ਕਲੰਕ (ਅਹਿੰਕਾਰ) ਸੁਰੀਧਾ ਦੇਣ ਵਾਲਾ ਹੋ ਗਿਆ ਵ ਸਰਬੰਗੀ ਹੋਂਦਾ ਹੈ ਇਸ ਤਰਾਂ ਜੋ (ਭੁਲ) ਪਾਪੀ ਜੀਵ ਵ ਜਗਜਾਸੂ ਆਦਿਕ ਜ (ਖਾਰਨ) ਭੁਲ ਗੁਰੂ ਅੰਗਦ ਜੀ ਨਾਲ ਮਿਲੇ ਉਹਨਾਂ ਵਿਚ (ਪ੍ਰਕਾਸ਼) ਭਗਤੀ ਨਿਵਾਸ ਕਰ ਆਈ ਭਾਵ ਓਹ ਭਗਤੀ ਕਰਨ ਵਾਲੇ ਹੋ ਗਏ ਪਰ ਓਹਨਾਂ ਨੇ ਮੈਂ ਮੇਰ ਤੂੰ ਮੈਂ ਮੈਂ ਤੂੰ ਹੰਕਾਰ ਆਦਿਕ ਜੋ ਕਰਦੇ ਮਨ ਜਦ ਓਹ ਛਡ ਦਿਤਾ ਤਾਂ ਭੂਲੇਨਿ ਭਗਤੀ ਦੀ ਵਾਸਨਾ ਵਾਲੇ ਹੋ ਗਏ ॥

ਗੁਰਮੁਖਿ ਮਾਰਗ ਮੈ ਪਤਿਤ ਪੁਨੀਤ ਰੀਤਿ,
ਸੰਸਾਰੀ ਹ੍ਵੈ ਨਿਰੰਕਾਰੀ ਪਰ ਉਪਕਾਰ ਹੈ ॥੪॥੭੨॥

ਇਸ ਵਾਸਤੇ ਆਖਦੇ ਹਨ ਕਿ ਗੁਰਮੁਖਾਂ ਦੇ (ਮਾਰਗ) ਰਸਤੇ ਸਤਸੰਗ ਵਿਚ (ਪਤਿਤ) ਪਾਪੀਆਂ ਨੂੰ (ਪੁਨੀਤ) ਪਵਿਤ੍ਰ ਕਰਨ ਦੀ (ਰੀਤਿ) ਮਰਯਾਦਾ ਹੈ ਭਾਵ ਕਿਆ ਸਤਿਸੰਗ ਵਿਚ ਪਾਪੀ ਵੀ ਅਹੇ ਹੋ ਜਾਂਦੇ ਹਨ ਓਹ ਅਗੋਂ ਗੁਰ-ਮੁਖ ਚਾਹੇ (ਸੰਸਾਰੀ) ਗ੍ਰਿਹਸਥੀ ਹੋਣ ਫਿਰ ਵੀ ਪਰ ਉਪਕਾਰ ਹੀ ਕਰਨਗੇ ਦਸੋ ਪਾਤਸ਼ਾਹੀਆਂ ਘਰ ਬਾਰੀ ਹੀ ਹੋਈਆਂ ਹਨ ਜਿਨ੍ਹਾਂ ਦੇ ਜੋਹਬੇ ਅਗੋਂ ਸਿਖ ਹੋਏ ਹਨ ਓਹ ਵੀ ਘਰਬਾਰੀ ਸੰਸਾਰੀ ਕਹਿਲਾਏ ਹਨ ਪਰ ਉਹਨਾਂ ਨੇ ਪਰ ਉਪਕਾਰ ਨਹੀਂ ਛਡਿਆ ਫਿਰ ਆਖਦੇ ਹਨ ਕਿ ਚਾਹੇ ਗੁਰਮੁਖ (ਨਿਰੰਕਾਰੀ) ਵਿਰਕਤ ਹੋ ਰਹਨ ਤਦ ਵੀ ਪਰਉਪਕਾਰ ਹੀ ਕਰਨਗੇ। ਦੋਨੋਂ ਕਾ ਪਰ ਉਪ ਕਾਰ ਹੀ ਵਲ ਖਿਆਲ ਹੁੰਦਾ ਹੈ। ਗੁਰਮੁਖ ਜੋ ਗੁਰ ਘਰ ਵਿਚ ਭਾਈ ਬਾਲੇ ਆਦੀ ਸੰਮਨ, ਮੂਸਨ ਭਾਈ ਬਹਲੋ ਆਦਿਕ ਸਭ ਪਰਉਪਕਾਰੀ ਹੀ (ਨਿਰੰਕਾਰੀ) ਵਿਰਕਤ ਕਹਲਾਏ ਹਨ ਵ (ਸੰਸਾਰੀ) ਸੰਸਾਰ ਗ੍ਰਿਹਸਥ ਵਿਚ ਰਹਿ ਕਰਕੇ ਹੀ (ਨਿਰੰਕਾਰੀ) ਵਿਰਕਤ ਹੋਏ ਹਨ ਅਤੇ ਪਰ ਉਪਕਾਰ ਕਰਦੇ ਰਹੇ ਹਨ ਐਸੇ ਗੁਰਮੁਖ ਹੋਨ ॥

ਪੂਰਨ ਬ੍ਰਹਮ ਗੁਰ ਬਿਰਖ ਬਿਥਾਰ ਧਾਰ,
ਮੂਲ ਕੰਦ ਸਾਖਾ ਪਤ੍ਰ ਅਨਿਕ ਪ੍ਰਕਾਰ ਹੈ ॥

ਪਿਛੇ ਭਾਈ ਜੀ ਨੇ (ਮਾਰਗ) ਸਤਿਸੰਗ ਦੇ ਰਸਤੇ ਦੀ ਰੀਤੀ ਵਰਣਨ ਕੀਤੀ ਹੈ ਅਤੇ ਅਗੇ ਮਾਰਗ ਦੇ ਔਣੇ ਵਾਲਿਆਂ ਨੂੰ ਪੂਰਨ ਬ੍ਰਹਮ ਕੀ ਪੂੰਜਾ ਹੈ ਇਹ ਵਰਣਨ ਕਰਦੇ ਹੈਨ ਅਤੇ ਪਿਛੇ ਗੁਰੂ ਜੀ ਦੇ ਚੌਂਕੜੀ ਦੀ ਵੇਲ ਵਰਣਨ ਕਰ ਦਸਣਾ ਕੀਤਾ ਸੀ ਅਤੇ ਇਸ ਚੌਂਕੜੀ ਦੀ ਪਹਿਚਾਨ ਕੁਝਨਾ ਦੁਆਰੇ ਹੋਈ ਸੀ ਕਿ ਇਹ ਚੌਂਕੜੀ ਹੈ ਅਤੇ ਅਗੋਂ ਇਕ ਕਬਿਤ ਵਿਚ ਭਾਈ ਜੀ ਗੁਰੂ ਜੀ ਨੂੰ ਬ੍ਰਿਛ

ਦ੍ਰਿਸ਼ਟਾਂਤ ਸਹਿਤ ਕਥਨ ਕਰਦੇ ਹਨ ਜੈਸੇ ਕਿ ਬ੍ਰਿਛ ਦੀ ਪਹਿਚਾਨ ਬੀਜ ਦੁਆਰਾ ਹੁੰਦੀ ਹੈ ਕਿ ਇਹ ਫਲ ਅਮਕੇ ਬ੍ਰਿਛ ਦਾ ਹੈ ਅਤੇ ਫੁਲ ਦੁਆਰਾ ਬ੍ਰਿਛ ਦੀ ਪਹਿਚਾਨ ਨਹੀਂ ਹੁੰਦੀ ਅਤੇ ਨਾ ਹੀ ਬ੍ਰਿਛ ਦਾ ਫੁਲ ਹੁੰਦਾ ਹੈ ਜੈਸੇ ਕਿ ਸ਼ਾਖ ਕਿਕਰ ਪਲਾਸ ਅਨਾਰ ਆਦਿਕਨੂੰ ਫੁਲ ਹੁੰਦੇ ਹਨ ਪਰ ਉਹ ਫਲ ਦਾ ਕਾਰਨ ਹੀ ਹਨ ਬ੍ਰਿਛ ਫਲ ਬੀਜ ਦੁਆਰਾ ਜਾਣਿਆਂ ਜਾਂਦਾ ਹੈ ਆਪ ਵਰਣਨ ਕਰਦੇ ਹਨ ਕਿ ਜਿਸ (ਪੂਰਨ ਬ੍ਰਹਮ) ਵਾਹਿਗੁਰੂ ਨੇ ਗੁਰੂ ਨਾਨਕ ਰੂਪ ਹੋਕਰ ਬ੍ਰਿਛ ਦੇ (ਬਿਥਾਰ) ਵਿਸਥਾਰ ਦੀ ਨਿਆਈਂ ਰੂਪ ਧਾਰਿਆ ਹੋਇਆ ਹੈ ਅਤੇ (ਮੂਲ) ਮੁੱਢ (ਕੰਦ) ਫਲ (ਸਾਖਾ) ਟਾਹਣੀਆਂ (ਪਤ੍ਰ) ਪਤ ਇਤਿਆਦਿਕ ਫੈਲਾਉ ਨਾਲ ਬਹੁਤ ਤਰਾਂ ਕਰਕੇ ਦ੍ਰਿਸ਼ਟ ਆਉਂਦਾ ਹੈ, ਅਰਥਾਤ (ਮੂਲ) ਆਪ ਗੁਰੂ ਨਾਨਕ ਜੀ ਅਤੇ (ਕੰਦ) ਫਲ ਦੇਣ ਵਾਲਾ ਆਦਿਕ ਜੋ ਬਹੁਤ ਸਮੀਪੀ ਸਨ ਦਾ ਭਾਈ ਬੁਢਾ ਆਦਿਕ ਔਰ (ਸਾਖਾ) ਅਗੇ ਟਾਹਣੀਆਂ ਜੋ ਉਹਨਾਂ ਦੇ ਅਗੇ ਸਿਖ ਹੋਏ ਹਨ ਜਿਨ੍ਹਾਂ ਸੁਖੀਆਂ ਦੁਖੀਆਂ ਨੂੰ ਉਪਦੇਸ਼ ਪਾਵਨ ਕੀਤਾ ਹੈ ਅਤੇ (ਪਤ੍ਰ) ਅਗੇ ਸਿਖੀ ਜੇਹੜੀ ਬਹੁਤ ਫੈਲ ਗਈ ਅਨੇਕ ਪ੍ਰਕਾਰ ਕਰਕੇ ਫੁਲ ਬਿਥਾਰ ਕੀਏ ਸੁਹਣਾਈ, (ਸਾਖਾ) ਕਰਨਾ ਸੁਣਨਾ (ਪਤ੍ਰ) ਨਿਸ਼ਕਾਮ ਕਰਮ ਜਿਨ੍ਹਾਂ ਨਾਲ ਹੀ ਅਨੇਕ ਪ੍ਰਕਾਰ ਹਰੀ ਦਾ ਪਤਾ ਨਹੀਂ ਲਗਦਾ ਹੈ ॥

ਤਾ ਮੈਂ ਨਿਜ ਰੂਪ ਗੁਰ ਸਿਖ ਫਲ ਕੋ ਪ੍ਰਗਾਸ,
ਬਾਸਨਾ ਸੁਬਾਸ ਔ ਸ੍ਵਾਦ ਉਪਕਾਰ ਹੈ ॥

ਪਰ ਆਪ ਆਖਦੇ ਹਨ ਕਿ (ਗੁਰ ਸਿਖ) ਗੁਰੂ ਅੰਗਦ ਜਿਸ ਗੁਰਸਿਖੀ ਰੂਪੀ ਫਲ ਪੈਦਾ ਕਰਕੇ ਗੁਰੂ ਨਾਨਕ ਬ੍ਰਿਛ ਦੇ ਰੂਪ ਦਾ ਪਰਤਖ ਗਿਆਨ ਹੁੰਦਾ ਹੈ ਕਿ ਕੇਹਾ ਗੁਰੂ ਨਾਨਕ ਹੋਯਾ ਹੈ (ਤਾਮੈਂ) ਤਿਸ ਬ੍ਰਿਛ ਵਿਚ ਨਿਜ ਰੂਪ ਬ੍ਰਿਛ ਦੇ ਆਪਣੇ ਰੂਪ ਨੂੰ ਗੁਰੂ ਅੰਗਦ ਪੈਦਾ ਕਰਕੇ ਪ੍ਰਕਾਸ਼ ਹੁੰਦਾ ਹੈ ਭਾਵ ਏ ਕਿ ਗੁਰੂ ਅੰਗਦ ਕਰਕੇ ਗੁਰੂ ਨਾਨਕ ਜੀ ਜੋ ਦਿਸਿਆ ਜਾਂਦਾ ਹੈ ਜੈਸੇ ਬਾਸਨਾ (ਸੁਬਾਸ) ਫੁਲਾਂ ਦੀ ਵਾਸ਼ਨਾ ਫੁਲਾਂ ਵਿਚ ਵਸਦੀ ਹੈ ਭਾਵ ਜਿਨਾਂ ਵਾਸ਼ਨਾ ਦੁਆਰਾ ਫੁਲ ਜਾਣਿਆਂ ਜਾਂਦਾ ਹੈ ਤੁਸਾਂ ਭਾਵ ਕਿ ਸੁਗੰਧੀ ਵਸਦੀ ਹੈ ਫੁਲਾਂ ਵਿਚ ਅਤੇ ਸੁਆਦ ਜੇਹੜਾ ਹੈ ਜੋ ਪਰਉਪਕਾਰ ਕਰਦੇ ਹਨ ॥

ਚਰਨ ਕਮਲ ਮਕਰੰਦ ਰਸ ਰਸਿਕ ਹ੍ਵੈ,
ਬਾਸੇ ਚਰਨਾਮ੍ਰਿਤ ਸੰਸਾਰ ਕੋ ਉਧਾਰ ਹੈ ॥

ਗੁਰੂ ਜੀ ਦੇ ਚਰਨ ਕਮਲ ਦਾ (ਮਕਰੰਦ) ਧੂੜਾਂ, ਭਗਤੀ ਰਸ ਦਾ ਰਸਿਕ (ਪ੍ਰੇਮੀ) ਗੁਰੂ ਅੰਗਦ ਜਿਸ ਪਰ ਰਸ ਹੋਏ ਜੋ ਸੋਹਿਆ ਚਰਨਾਂ ਦੇ ਅੰਮ੍ਰਿਤ ਦਾ ਰੂਪ ਅਨੰਦ ਅਤੇ ਸੰਸਾਰ ਦੇ ਆਪਣੇ ਆਪਣੇ ਉਧਾਰਨ ਕਰਕੇ ਫਿਰ ਸੰਸਾਰ ਦਾ

ਉਪਾਸ਼ਨ ਕਰਨਾ ਅਰਥਾਤ ਪ੍ਰੀਤਾ ਭਾਵ ਕਿਹਾ ਪਹਿਲੇ ਆਪ ਉਤੇ ਫਿਰ ਸੰਸਾਰ ਦੇ ਭਾਵਨਾ ਕੀਤਾ॥

ਗੁਰਮੁਖਿ ਮਾਰਗ ਮਹਾਤਮ ਅਕਥ ਕਥਾ,

ਨੇਤ੍ਰਿ ਨੇਤਿ ਨੇਤਿ ਨਮੋ ਨਮੋ ਨਮਸਕਾਰ ਹੈ ॥੪॥੧੮

ਗੁਰਮੁਖ ਦੇ ਗੁਰੂ ਮੁਖੀ ਹੋ ਜਿਹਨਾਂ ਦੇ (ਮਾਰਗ) ਰਸਤੇ ਸਤਿਸੰਗ ਦਾ ਮਹਾਤਮ ਜੋ ਹੈ ਉਸਦੀ ਕਥਾ (ਅਕਥ) ਨਹੀਂ ਕਹੀ ਜਾਂਦੀ ਭਾਵ ਜਿਆਦੇ ਸੰਤਾਂ ਦੇ ਸਤਿਸੰਗ ਦੀ ਜੋ ਕਥਾ ਹੈ ਉਸਦਾ ਮਹਾਤਮ ਨਹੀਂ ਕਿਹਾ ਜਾਂਦਾ ਅਤੇ ਨਾ ਸਤਿਸੰਗ ਦਾ ਮਹਾਤਮ ਕਿਹਾ ਜਾਂਦਾ ਹੈ ਕਿ ਸਤਿਸੰਗ ਦਾ ਇਤਨਾ ਮਹਾਤਮ ਹੈ ਏਹ ਅਕਥ ਕਥਾ ਹੈ ॥ ਤਾਂਤੇ ਭਾਈ ਜੀ ਆਖਦੇ ਹਨ ਕਿ ਮਨ ਬਾਣੀ ਸਰੀਰ ਕਰਕੇ ਮੈਂ ਨਮਸਕਾਰ ਕਰਦਾ ਹਾਂ ਵਾ ਭੂਤ ਭਵਿਖਤ ਵਰਤਮਾਨ ਵਿਚ ਨਮਸਕਾਰ ਹੋਵੇ ॥ ੪ ॥ ੧੮॥

ਬਰਨ ਬਰਨ ਬਹੁ ਬਰਨ ਗੋਬੰਸ ਜੈਸੇ,

ਏਕ ਹੀ ਬਰਨ ਦੂਹੈ ਦੂਧ ਜਗ ਜਾਨੀਐ ॥

ਅਬ ਆਪ ਇਸ ਪ੍ਰਸੰਗ ਪਰ ਵਰਨਨ ਕਰਦੇ ਹੈਨ ਕਿ ਗੁਰਮੁਖ ਕਿਤ ਜਾਤਾਂ ਦੇ ਵਿਚ ਜਗਤ ਦੇ ਲੋਕਾਂ ਵਾਂਗੂ ਰਹਿੰਦੇ ਹਨ ਪਰ ਇਕ ਦੀ ਬਿਰਤੀ ਗੁਰਾਂ ਦੇ ਉਪਦੇਸ਼ ਵਿਚ ਲਗੀ ਰਹਿੰਦੀ ਹੈ, ਆਪ ਆਖਦੇ ਹਨ ਕਿ ਜੈਸੇ ਅਨੇਕ ਬਰਨ ਬਰਨ ਰੰਗਾਂ ਰੰਗਾਂ ਦਾ (ਗੋ) ਗਊਆਂ ਦਾ ਬੰਸ (ਪਰਵਾਰ) (ਬਰਨ) ਕਥਨ ਕਰਦੇ ਹੈਨ (ਬਹੁਤ ਦੇ ਗਊਆਂ ਦੀ ਬੰਸ ਜੋ ਰੰਗਾਂ ਰੰਗਾਂ ਦੀ ਹੈ ਸੋ ਬਹੁਤ ਹਾਂ ਕਰਕੇ ਕਥਨ ਕਰੀ ਜਾਂਦੀ ਹੈ) ਭਾਵ ਜੀ ਕਿ ਬਹੁਤ ਰੰਗਾਂ ਰੰਗਾਂ ਦੀਆਂ ਸਾਵੀਆਂ ਲਾਖੀਆਂ, ਕਪਿਲਾ ਆਦਕ ਗਊਆਂ ਲੋਕ ਆਖਦੇ ਹਨ ਪਰ ਇਕ ਹੀ (ਬਰਨ) ਰੰਗ (ਦੁਹੇ) ਚੋਏ ਹੋਏ ਦੁਧ ਦਾ ਜਗਤ ਵਿਚ ਜਾਣੀਦਾ ਹੈ ਭਾਵ ਕੀ ਕਿ ਦੁਧ ਸਭ ਦਾ ਚਿਟੇ ਰੰਗ ਦਾ ਹੁੰਦਾ ਹੈ ਭਾਵੇਂ ਕਿਸੇ ਦਾ ਚੋਈਏ॥

ਅਨਿਕ ਪ੍ਰਕਾਰ ਫਲ ਫੂਲਕੈ ਬਨਾਸਪਤੀ

ਏਕੈ ਰੂਪ ਅਗਨ ਸਹਤ ਮੈ ਸਮਾਨੀਐ ॥

ਹੋਰ ਦ੍ਰਿਸ਼ਟਾਂਤ, ਜੈਸੇ ਬਹੁਤ ਫਲਾਂ ਫੁਲਾਂ ਕਰਕੇ (ਬਨਾਸਪਤੀ) ਜੋ ਜਗਤ ਉਤੇ ਉਤਪਤ ਆਦੀ ਹੈ ਬਾਗ ਬਗੀਚੇ ਬ੍ਰਿਛ ਆਦਕ ਹੈ ਭਾਵ ਜੀ ਕਿ ਬਹੁਤ ਭਾਂਤਾਂ ਦੇ ਫਲਾਂ ਫੁਲਾਂ ਦੇ ਭਰ ਹੋਏ ਬੂਟੇ ਹਨ ਪਰ ਅਗਨੀ ਸਾਰਿਆਂ ਵਿਚ ਇਕੋ ਹੀ ਹੈ ॥

ਭਾਈ ਗਿਆਨੀ ਇਉਂ ਆਖਦੇ ਹਨ ਕਿ ਸ਼ਹਤ ਜੋ ਫੁੱਲਾਂ ਵਿਚ ਜੋ

[illegible] ਤਰ੍ਹਾਂ ਹੀ ਸਭ ਤਰ੍ਹਾਂ ਦੇ ਪ੍ਰਾਣੀ ਵੀ ਆਪਣੇ ਮਨ ਸਾਹਿਬਾਂ ਸ੍ਰੀ ਗੁਰੂ ਦੇ ਵਿਚ ਇਕ ਹੀ ਰੂਪ [illegible] [illegible] ਹੋਂਦੀ ਹੈ ॥

ਚਤੁਰ ਬਰਨ ਪਾਨ ਚੂਨਾ ਔ ਸੁਪਾਰੀ ਕਾਥਾ
ਆਪਾ ਖੋਇ ਮਿਲਤ ਅਨੂਪ ਰੂਪ ਠਾਨੀਐ ॥

ਚਾਰ ਰੰਗ, (ਪਾਨ) ਪਾਨਾਂ ਦੇ ਪੱਤੇ ਦਾ ਸਾਵਾ ਹਰਿਆ ਰੰਗ ਹੁੰਦਾ ਹੈ ਅਤੇ (ਚੂਨਾ) ਚਿੱਟਾ ਰੰਗ ਹੁੰਦਾ ਹੈ ਅਤੇ (ਸੁਪਾਰੀ) ਭੂਸਲੇ ਰੰਗ ਦੀ [illegible] ਅਤੇ (ਕਾਥਾ) ਭੂਸਲੇ ਰੰਗ ਦਾ [illegible] ਹੈ [illegible] ਚਾਰੇ ਵਸਤੂਆਂ ਆਪ ਵਿਚ ਦੀ ਆਪਣੇ ਆਪ [illegible] ਕਿ ਜੋ ਇਹਨਾਂ ਵਿਚ ਆਪਾ [illegible] ਹੈ ਜਦ ਉਸਨੂੰ (ਖੋਇ) ਗੁਆ ਦਿੱਤਾ ਤੇ ਮਿਲਤ ਆਪੋ ਵਿਚ ਮਿਲੇ ਤਾਂ (ਅਨੂਪ) [illegible] ਰੰਗ ਹੋ ਗਿਆ (ਠਾਨੀਐ) ਕਥਨ ਕਰਦੇ ਹੈਨ ।

ਲੋਕਨ ਮੈ ਲੋਕਾ ਚਾਰ ਗੁਰਮੁਖ ਏਕੰਕਾਰ
ਸਬਦ ਸੁਰਤ ਉਨ ਮਨ ਉਨ ਮਾਨੀਐ ॥ ੪ ॥ ੬੯ ॥

ਗੁਰਮੁਖ ਲੋਕਾਂ ਵਿਚ ਲੋਕਾਂ ਵਾਂਗੂੰ [illegible] ਕੰਮ ਕਰਦੇ ਹੈਨ ਪਰ ਅੰਦਰ ਹੀ ਇਕ ਦੀ [illegible] ਪ੍ਰੀਤੀ ਕਰਕੇ ਗੁਰਾਂ ਦੇ (ਸਬਦ) ਉਪਦੇਸ਼ ਵਿਚ ਤੇ (ਉਨ ਮਨ) [illegible] ਪਦ ਹੈ [illegible] ਵਾਹਿਗੁਰੂ ਇਕ ਦੀ (ਉਨਮਾਨੀਐ) [illegible] ਲੋਕਾਂ ਵਿਚ ਗੁਰਮੁਖ [illegible] ਲੋਕਾਚਾਰ [illegible] ਕਰਦੇ ਹਨ ਅਤੇ ਗੁਰਾਂ ਦੇ ਉਪਦੇਸ਼ [illegible] ਪ੍ਰੀਤੀ ਕਰਕੇ [illegible] ਗੁਰ ਦੀ [illegible] ਵਾਹਿਗੁਰੂ ਨੂੰ ਮਿਲ ਜਾਣ [illegible] ਵਿਚ [illegible] ਗੁਰਮੁਖ ਨਾਮ ਨੂੰ [illegible] ॥ ੪ ॥ ੬੯ ॥

ਸੀਂਚਤ ਸਲਲ ਬਹੁ ਬਰਨ ਬਨਾਸ ਪਤੀ
ਚੰਦਨ ਸੁਬਾਸ ਏਕੈ ਚੰਦਨ ਪਛਾਨੀਐ ॥

ਅਬ [illegible] ਆਪਣੇ [illegible] ਕਿ [illegible] ਦੇ [illegible] ਦੇ ਉਪਦੇਸ਼ [illegible] ਦੇ ਵਾਹਿਗੁਰੂ ਵਿਚ [illegible] (ਬਹੁ ਬਰਨ) [illegible] ਦੇ [illegible] ਦਾ [illegible] ਹੈਨ ਕਿ [illegible] ਹੈਨ [illegible] ਸਮਾਨ ਕਰਦੇ ਹੈਨ [illegible] ਦਾ [illegible] ਹੈ ([illegible]) [illegible] ਨੂੰ [illegible] ਬਹੁਤ [illegible] ਹੈ [illegible] ਦੇ ਬ੍ਰਿਛਾਂ ਨੂੰ ਪਾਣੀ [illegible] ਦੇ [illegible]

ਜੋ ਪ੍ਰਾਣੀ ਹੈ ਉਹਨਾਂ ਅਨੇਕ ਤ੍ਰਾਂ ਦੇ ਬੁਰਿਆਈਆਂ ਦੀ ਕੰਜੰਕਸ਼ਨ ਦੇ ਸੰਗਤਿ ਨੂੰ ਬਦਲ ਨਹੀਂ ਸਕਦਾ, "ਏਹ ਨਹੀਂ ਜੋ ਨਿੰਮ ਨੂੰ ਮਿਠਾ ਕਰਦੇ ਅਤੇ ਅੱਕ ਨੂੰ ਚੰਗਾ ਕਰਦੇ" ਐਸੇ ਨਹੀਂ ਕਰ ਸਕਦਾ ਗੁਰੂ ਦਾ ਕੰਮ ਹੈ ਹਰਿਆ ਸੰਤ ਬੁਰਿਆਂ ਨੂੰ ਕਰਨਾ ਪਰ ਉਹਨਾਂ ਦੇ ਸੁਭਾਵ ਨਹੀਂ ਬਦਲਾ ਸਕਦਾ ਪਰ ਚੰਦਨ ਬ੍ਰਿਛ ਦੀ ਵਾਸਨਾ ਸਾਰਿਆਂ ਬ੍ਰਿਛਾਂ ਵਿਚ ਚੰਦਨ ਦੀ ਨਿਆਈ ਕਥਨ ਕਰੀਦੀ ਹੈ ਭਾਵ ਏਹ ਕਿ ਚੰਦਨ ਸਾਰਿਆਂ ਬ੍ਰਿਛਾਂ ਨੂੰ ਵਾਸਨਾ ਦੇ ਲਾ ਕਰ ਲੈਂਦਾ ਹੈ ਜਿਨ੍ਹਾਂ ਦੇ ਪਾਲਦੇ ਹੋਣ ਮਾਤਾ ਪਿਤਾ ਉਹਨਾਂ ਵਿਚ ਜੇਕਰ ਬਹੁਤ ਚਿਰ ਰਹਿੰਦਾ ਹੈ ਪਰ ਸੁਭਾਵ ਉਸ ਦਾ ਮਾਤਾ ਪਿਤਾ ਨਹੀਂ ਬਦਲਾ ਸਕਦੇ ਪਰ ਜਦ ਗੁਰਾਂ ਪਾਸ ਜੀਵ ਆਉਂਦਾ ਹੈ ਤਾਂ ਉਸ ਦਾ ਸੁਭਾਵ ਗੁਰੂ ਬਦਲਾ ਦੇਂਦੇ ਹਨ ਭਾਵ ਏਹ ਕਿ ਜੀਵ ਦਾ ਜਨਮ ਬਦਲ ਦੇਂਦੇ ਹਨ ॥

ਪਰਬਤ ਬਿਖੈ ਉਤਪਤ ਹੈ ਅਸਟ ਧਾਤੁ,
ਪਾਰਸ ਪਰਸ ਏਕੈ ਕੰਚਨ ਕੈ ਜਾਨੀਐ ॥

ਹੋਰ ਦ੍ਰਿਸ਼ਟਾਂਤ—ਜੈਸੇ (ਪਰਬਤ ਪਹਾੜ ਵਿਚ ਪ੍ਰਗਟ ਹੁੰਦੀ ਹੈ ਅਠਾਂ ਤਰਾਂ ਦੀ ਧਾਤੂ ਭਾਵ ਕਿਆ ਕਿ ਪਹਾੜਾਂ ਵਿਚ ਅਠ ਤਰਾਂ ਦੀਆਂ ਧਾਤੂਆਂ ਪ੍ਰਗਟ ਹੁੰਦੀਆਂ ਹਨ ਜਾਂ ਅਠਾਂ ਤਰਾਂ ਦੀਆਂ ਧਾਤੂਆਂ ਨੂੰ ਪਹਾੜ ਉਤਪੰਨ ਕਰਦਾ ਹੈ ਸਮਾਨ ਅਤੇ ਪਹਾੜ ਦੇ ਵਿਚੋਂ ਅਠ ਧਾਤੂਆਂ ਨਿਕਲਦੀਆਂ ਹਨ ਪਰ ਉਹਨਾਂ ਅਠਾਂ ਧਾਤੂਆਂ ਨੂੰ ਲਾਗੂ ਨੀਕ ਪਾਰਸ ਕਰ ਸਕਦੀ ਹੈ ਅਤੇ ਨਾ ਹੀ ਪਹਾੜ ਪਾਰਸ ਕਰ ਸਕਦੇ ਹੋਣ ਪਰ ਉਹ ਅਠ ਧਾਤੂਆਂ ਜਦ ਪਾਰਸ ਨਾਲ ਲਗ ਜਾਣ ਤਾਂ ਓਹ ਪਾਰਸ ਇਕੋ (ਕੰਚਨ) ਸੋਨਾ ਕਰ ਦਿੰਦਾ ਹੈ ਸਾਨੂੰ ਲਈਏ ਪਤਾ ਕਿ ਨਹੀਂ ਆਖਦਾ ਜੋ ਇਹ ਲੋਹੇ ਦਾ ਸੋਨਾ ਹੋਇਆ ਹੋਵਾ ਹੈ ਜਾਂ ਪਿਤਲ ਜਿਸਤ ਦਾ ਹੋਇਆ ਹੋਵਾ ਹੈ ਸਭ ਉਸਦਾ ਨਾਮ ਸੋਨਾ ਹੀ ਦੇਂਦੇ ਹਨ ਇਸੀ ਤਰਾਂ ਮਾਤਾ ਪਿਤਾ ਬਾਲਕ ਨੂੰ ਪ੍ਰਗਟ ਕਰਨ ਵਾਲੇ, ਬਾਲਕ ਦਾ ਜਨਮ ਨਹੀਂ ਸਫਲ ਕਰਦੇ ਅਤੇ ਨਾ ਉਸਨੂੰ ਮੁਕਤੀ ਦਾ ਮਾਰਗ ਦਸ ਸਕਦੇ ਹੋਣ ਪਰ ਜਦ ਉਹੋ ਹੀ ਜੀਵ ਗੁਰਾਂ ਦੀ ਸ਼ਰਨੀ ਆ ਲਗਦਾ ਹੈ ਤਾਂ ਉਸ ਦਾ ਜਨਮ ਮਰਨ ਦਾ ਸਭ ਦੁਖ ਹੈ ਉਸਨੂੰ ਦੂਰ ਕਰ ਦੇਂਦੇ ਹੋਣ ਅਤੇ ਸਭ ਜਾਤਾਂ ਇਕੋ ਵਰਨਾ ਕਰ ਦੇਂਦੇ ਹੋਣ ਵਾਹਿਗੁਰੂ ਨੂੰ ਮਿਲਾ ਦੇਂਦੇ ਹੋਣ ਅਤੇ ਚਰਨਾਂ ਵਿਚ ਅਭੇਦ ਕਰ ਲੈਂਦੇ ਹਨ ॥

ਨਿਸ ਅੰਧਕਾਰ ਤਾਰਾ ਮੰਡਲ ਚਮਤਕਾਰ,
ਦਿਨ ਦਿਨ ਕਰ ਜੋਤ ਏਕੈ ਪਰਵਾਨੀਐ ॥

ਹੋਰ ਦ੍ਰਿਸ਼ਟਾਂਤ—ਜੈਸੇ ਰਾਤ ਅੰਧੇਰੀ ਵਿਚ ਤਾਰਿਆਂ ਦੇ ਮੰਡਲ ਰੂਪ ਚਮਤਕਾਰ ਹੋਏ ਹਨ ਭਾਵ ਏਹ ਕਿ ਰਾਤ ਅੰਧੇਰੀ ਵਿਚ ਤਾਰੇ

ਸਭ ਕੁਝ ਦਿਸਦੇ ਹਨ ਪਰ ਜਦ ਦਿਨੇ (ਉਨ ਮਨ) ਗੁਰਮੁਖ ਪ੍ਰਕਾਸ਼ ਕਰਦਾ ਹੈ ਤਾਂ ਇਕ ਸੋਭ ਹੀ ਪ੍ਰਕਾਸ਼ਕ ਪ੍ਰਤੀਤ ਹੁੰਦਾ ਹੈ। ਜਦ ਸੂਰਜ ਚੜ੍ਹਦਾ ਹੈ ਤਾਂ ਤਾਰੇ ਸਭ ਛਪ ਜਾਂਦੇ ਹਨ ਇਕ ਸੂਰਜ ਹੀ ਸੂਰਜ ਨਜ਼ਰ ਆਉਂਦਾ ਹੈ ਇਸੇ ਤਰ੍ਹਾਂ ਅਗਿਆਨ ਕਾਲ ਵਿਚ ਜਾਗਿਆਂ ਤੋਂ ਨਜ਼ਾਰੇ ਚਮਤਕਾਰ ਦਿਖਾਈ ਦੇਂਦੇ ਹਨ। ਪਰ ਜਦ ਗੁਰੂ ਰੂਪੀ ਸੂਰਜ ਚੜ੍ਹਦਾ ਹੈ ਤਦੋਂ ਕਰਨ ਅਗਿਆਨ ਜੀਵ ਦੇ ਸਭ ਲੋਪ ਹੋ ਜਾਂਦੇ ਹਨ *॥

ਲੋਚਨ ਮੈਂ ਲੋਗਾਚਾਰ ਗੁਰਮੁਖ ਏਕੰਕਾਰ,
ਸਬਦ ਸੁਰਤ ਉਨਮਨ ਉਨਮਾਨੀਐ ॥ ੬॥੪੭॥

ਗੁਰਮੁਖ ਲੋਕਾਂ ਵਿਚ ਲੋਕਾਂ ਵਾਂਗੂੰ ਲੋਕ ਕਰਦੇ ਹਨ ਭਾਵ ਕੀ ਕਿ ਸਾਰੇ ਸੰਸਾਰ ਦੇ ਵਿਹਾਰ ਪੂਰਬਕ ਵਿਵਹਾਰ ਕਰਦੇ ਹਨ ਪਰ ਅੰਦਰੋਂ ਗੁਰਮੁਖ ਗੁਰਾਂ ਦੇ (ਸ਼ਬਦ) ਉਪਦੇਸ਼ ਵਿਚ ਸ੍ਰੇਸ਼ਟ ਪ੍ਰੀਤੀ ਕਰਕੇ (ਉਨ ਮਨ) ਚੁਰੀਆ ਪਦ ਜੋ ਹੈ ਏਕੰਕਾਰ ਸ਼ੁਧ ਵਾਹਿਗੁਰੂ ਉਸਦੀ ਵਿਚਾਰ ਕਰਦੇ ਹਨ ਭਾਵ ਕੀ ਕਿ ਲੋਕ ਅਪਨੇ ਲੋਕਾਚਾਰ ਭਾਵ ਭਾਈਚਾਰੇ ਦੀਆਂ ਰੀਤਾਂ ਵਿਚ ਲਗੇ ਰਹਿੰਦੇ ਹਨ, ਪਰ ਗੁਰਮੁਖ ਗੁਰਾਂ ਦੇ ਉਪਦੇਸ਼ ਵਿਚ ਤਿਆਗ ਕਰਕੇ ਵਾਹਿਗੁਰੂ ਦੀ ਵਿਚਾਰ ਕਰਦੇ ਹੈਨ ॥

ਜੈਸੇ ਕੁਲ ਬਧੂ ਗੁਰ ਜਨ ਮੈਂ ਘੂੰਘਟ ਪਟ,
ਪ੍ਰਿਅ ਸੰਜੋਗ ਸਮੇਂ ਅੰਤਰ ਨ ਪੀਅ ਸੈ ॥

ਗੁਰੂ ਆਪ ਵਰਨਨ ਕਰਦੇ ਹੈਨ ਕਿ ਚਿਤ ਦੀ ਬ੍ਰਿਤੀ ਤਾਂ ਗੁਰਮੁਖਾਂ ਦੀ ਵਾਹਿਗੁਰੂ ਵਲ ਲਗ ਗਈ ਪਰ ਵਿਵਹਾਰ ਗੁਰਮੁਖਾਂ ਦਾ ਲੋਕਾਂ ਵਾਂਗੂੰ ਕਿਉਂ ਰਿਹਾ ਇਸ ਪਰ ਕਥਨ ਕਰਦੇ ਹਨ ਕਿ ਜੈਸੇ (ਕੁਲ ਬਧੂ) ਚੰਗੇ ਘਰ ਦੀ ਸਨੁਖਾ ਜਦ ਵਡੇ ਘਰ ਵਿਚ ਵਿਆਹੀ ਚਲੀ ਆਉਂਦੀ ਹੈ ਭਾਵ ਕੀ ਕਿ ਵਡੇ ਘਰ ਦੀ ਇਸਤ੍ਰੀ (ਗੁਰਜਨ) ਜੇਠ ਸਾਹੁਰੇ ਆਦਿਕ ਵਿਚ ਜਦ ਪਤੀ ਬੈਠਾ ਹੁੰਦਾ ਹੈ ਤਾਂ (ਪਟ) ਬਸਤ੍ਰ ਦਾ ਘੁੰਘਟ ਇਕੋ ਜੇਹਾ ਹੀ ਕਢਦੀ ਹੈ ਸਭ ਪਾਸੋਂ ਭਾਵ ਕੀ ਕਿ ਸੁਲਖੀ ਭਰਾ ਪਤੀ ਨਾਲ ਦੇ ਓਹਨਾਂ ਦੇ ਬੈਠਿਆਂ ਬੋਲ ਨਹੀਂ ਸਕਦੀ ਅਤੇ ਨਾ ਪਤੀ ਦੇ ਸਾਹਮਣੇ ਮੂੰਹ ਕਰਕੇ ਗੱਲ ਕਰ ਸਕਦੀ ਹੈ ਪਰ ਜਦ ਇਕਲਿਆਂ ਦੇ ਸਮੇਂ ਪਤੀ ਨਾਲ ਮਿਲਾਪ ਇਸਤ੍ਰੀ ਦਾ ਹੁੰਦਾ ਹੈ ਤਾਂ ਉਸ ਪਾਸੋਂ ਕੁਛ (ਅੰਤਰ) ਭੇਦ ਨਹੀਂ ਰਖਦੀ ਹੈ ॥

---

*ਇਹ ਅਰਥ ਕਰਨ ਤਾਂ ਗਿਆਨੀਆਂ ਦੀ ਹੈ ਪਰ ਇਥੇ [illegible] ਵਾਸਤੇ ਸਹੁਤ ਸੋਖਾ ਹੈ ਪਰ ਗਿਆਨੀ ਵਿਚਾਰੇ ਇਥੇ ਜਰਾ ਇਸਦਾ [illegible] ਜਿਉਂ ਜਿਉਂ ਅਰਥ ਹੀ ਇਹਨਾਂ ਅਖਰਾਂ ਦਾ ਏਹੋ ਹੈ॥

ਜੈਸੇ ਮਨਿ ਅਛਤ ਭੁਜੰਗ ਕੀ ਸਹਜ ਗਤਿ
ਕੈਸਤ ਨ ਸੂਧੋ ਬਿਲ ਪੈਸਤ ਹੈ ਸੀਅ ਸੈ ॥

ਜਿਵੇਂ ਜੈਸੇ ਮਣੀ ਦੇ (ਅਛਤ) ਹੁੰਦਿਆਂ ਹੀ ਅਤਿ ਭੁਜੰਗ ਦੇ (ਸੁਭਾਵਕ) ਹੁੰਦਿਆਂ ਹੀ ਭਾਵ ਕੀ ਕਿ ਦੋਹਾਂ ਦੇ ਹੁੰਦਿਆਂ ਹੀ (ਸਹਜਿ) ਸਰਪ (ਕੈਸਤ) ਟੇਢਾ ਰਹਿੰਦਾ ਹੈ ਅਤੇ (ਸੂਧੋ) ਸਿਧਾ ਨਹੀਂ ਹੁੰਦਾ ਹੈ ਪਰ ਜਦ (ਬਿਲ) ਖੁੱਡ ਵਿਚ (ਪੈਸਤ) ਵੜਨ ਲਗਦਾ ਹੈ ਤਾਂ ਸਿਧਾ (ਸੀਅ ਸੈ) ਸੀਊਂ ਹੀ (ਵ ਖੁਸ਼ੀ ਨਾਲ ਵ ਮਣੀ ਦੇ ਹੁੰਦਿਆਂ ਹੀ) ਹੋ ਜਾਂਦਾ ਹੈ ਭਾਵ ਕੀ ਕਿ ਮਣੀ ਅਤੇ ਵਡੇ ਖੁਸ਼ੀਆਂ ਦੇ ਹੁੰਦਿਆਂ ਸਰਪ ਸਿਧਾ ਨਹੀਂ ਹੁੰਦਾ ਪਰ ਜਦ ਖੁੱਡ ਵਿਚ ਵੜਨ ਲਗਦਾ ਹੈ ਤਾਂ ਸਿਧਾ ਹੋ ਕੇ ਵੜਦਾ ਹੈ ॥

ਮਾਤ ਪਿਤਾ ਅੱਛਤ ਨ ਬੋਲੈ ਸੁਤ ਬਨਿਤਾ ਸੈ
ਪਾਛੈ ਕੈ ਦੈ ਸਰਬੰਸ ਮੋਹ ਸੁਤ ਤੀਅ ਸੈ ॥

ਹੋਰ ਦ੍ਰਿਸ਼ਟਾਂਤ–ਜਿਵੇਂ ਮਾਤਾ ਪਿਤਾ ਦੇ (ਅੱਛਤਿ) ਹੁੰਦਿਆਂ ਹੀ ਪੁਤ੍ਰ ਆਪਣੀ (ਬਨਿਤਾ) ਇਸਤ੍ਰੀ ਨਾਲ ਖੁਲ੍ਹੀ ਕੂੰ ਬਾਤ ਚੀਤ ਨਹੀਂ ਕਰਦਾ ਅਤੇ ਨਾ ਉਸ ਨੂੰ ਬੁਲਾਂਦਾ ਹੈ ਅਤੇ ਨਾ ਉਸ ਨਾਲ ਬੋਲਦਾ ਹੈ ਪਰ ਪਿਛੋਂ ਫਿਰ ਓਹੀ (ਸੁਤ) ਪੁਤ੍ਰ ਮੋਹ ਦੇ ਜਾਲ ਵਿਚ ਫਸਿਆ ਹੋਇਆ ਮੋਹ ਕਰਕੇ (ਕੈ) ਕਹਿ ਦੇਂਦਾ ਹੈ ਕਿ ਸਭ –ਸਰਬੰਸ ਤੇਰਾ ਹੀ ਹੈ ਏਹ ਬੁਢੇ ਤਾਂ ਰੋਟੀਆਂ ਖਾਣ ਵਾਲੇ ਹਨ ਏਹਨਾਂ ਨੂੰ ਤੂੰ ਕੁਝ ਨਾ ਆਖਿਆ ਕਰ ਅਤੇ ਰੋਟੀ ਦੇ ਛਡਿਆ ਕਰ ਹੋਰ ਸਭ ਕੁਝ ਤੇਰਾ ਹੈ ॥

ਲੋਗਨ ਮੈ ਲੋਗਾਚਾਰ ਗੁਰਮੁਖ ਏਕੰਕਾਰ
ਸਬਦ ਸੁਰਤ ਉਨਮਨ ਮਨ ਹੀਅ ਸੈ ॥ ੭੪ ॥

ਲੋਕਾਂ ਵਿਚ ਲੋਗਾਚਾਰ ਹੈ ਜੋ ਪਿਛੇ ਵਰਨਨ ਕੀਤਾ ਹੈ ਅਤੇ ਗੁਰਮੁਖ ਗੁਰੂ ਦੇ ਸ਼ਬਦ ਉਪਦੇਸ਼ ਨੂੰ ਹਿਰਦੇ ਵਿਚ ਮੰਨਦੇ ਹਨ ਅਤੇ ਸੁਰਤਿ ਮਨ ਜੋ ਹੈ ਉਸ ਦੀ (ਉਨਮਨ) ਗਿਆਤ ਕਰਦੇ ਹਨ ਵ ਲੋਕਾਂ ਵਾਲੇ ਕੰਮ ਕਰਕੇ ਗੁਰਮੁਖ ਵਾਹਿਗੁਰੂ ਨੂੰ ਪ੍ਰਾਪਤ ਹੋਣਾਏ ਗੁਰਾਂ ਦੇ ਉਪਦੇਸ਼ ਦੀ ਤਰਕੀ ਕਰਦੇ ॥

ਜੋਗ ਵਿਖੈ ਭੋਗ ਅਰੁ ਭੋਗ ਵਿਖੈ ਜੋਗ ਜਤ
ਗੁਰਮੁਖ ਪੰਥ ਜੋਗ ਭੋਗ ਸੈ ਅਤੀਤ ਹੈ ॥

ਅਬ ਆਪ ਵਰਨਨ ਕਰਦੇ ਹਨ ਕਿ ਗੁਰਾਂ ਜਾਣਕੇ ਗੁਰਮੁਖ ਵਾਹਿਗੁਰੂ ਨੂੰ ਜਾਣਦੇ ਹਨ ਪਰ ਵਿਹਾਰ ਲੋਕਾਂ ਜਿਹਾ ਹੈ ਸੋ ਇਸ ਲਈ ਕਹਿੰਦੇ ਹਨ ਕਿ ਗੁਰਮੁਖਾਂ ਦਾ ਵਿਹਾਰ ਵਿਚ ਇਕ ਬ੍ਰਿਤੀ ਰਹਿੰਦੀ ਹੈ ਪੁਤ੍ਰ ਪਰਵਾਰ ਧਨਮਾਲ ਵਿਹਾਰ

ਚਲਦਾ ਹੀ ਬਹੁਤਾ ਵਿਵਹਾਰਾਂ ਵਿਚ ਮਾਲੂਮ ਨਹੀਂ ਹੁੰਦੇ ਪਰ ਸਰਬ ਦੇ ਪੱਖੀ ਗਿਆਨ ਲੋਕਾਂ ਦਾ ਅਤੀ ਧਰਮ ਹੀ ਹੈ ਜੋ ਆਖਦੇ ਹਨ ਕਿ (ਜੋਗ) ਜੋਗ ਕਰਨ ਵਾਲੇ ਸੱਚੀ ਜਨ ਇਨ ਆਪਦੇ ਹੋਇਕੇ ਦੇਹੀ ਵਾ ਸੰਗਲ ਰਹਿੰਦੇ ਹੋਨ ਕਿ (ਭੋਗ) ਗ੍ਰਿਹਿਸਤ ਵਿਚ (ਅਤ) ਜੁੜੀਐ ਭਾਵ ਕੀ ਕਿ ਜੋ ਜੰਗਲ ਵਿਚ ਤਪੱਸਿਆ ਕਰਨੇ ਵਾਲੇ ਹਨ ਓਹ ਆਖਦੇ ਹਨ ਸੰਸਾਰ ਵਿਚ ਰਹਿਕੇ ਜੋ ਗ੍ਰਿਹਸਤ ਧਰਮ ਦਾ ਕਰਨਾ ਹੈ ਇਹ ਮਾੜਾ ਹੈ ਅਤੇ ਜੋ (ਭੋਗੀ) ਭੋਗ ਭੋਗਨ ਵਾਲੇ ਗ੍ਰਿਹਸਤੀ ਹਨ ਓਹ ਆਖਦੇ ਹਨ (ਜੋਗ) ਜੋਗ ਵਿਚ ਜੁੜੀਏ ਭਾਵ ਕੀ ਕਿ ਗ੍ਰਿਹਸਤੀਆਂ ਨੂੰ ਜੋਗ ਕਰਨ ਦੀ ਇਛਾ ਬਨੀ ਰਹਿੰਦੀ ਹੈ ਓਹ ਚਾਹਿੰਦੇ ਹੋਨ ਕਿ ਕਿਸੇ ਜਗਾ ਜੰਗਲ ਵਿਚ ਇਕੱਲੇ ਬੈਠ ਕਰ ਭਜਨ ਨਾ ਕਰ ਲਿਆ ਜਾਂਦਾ ਗੁਰਮੁਖ ਦਾ (ਪੰਥ) ਰਸ ਤਾਂ ਸਤਸੰਗ ਜੋਗਾਂ ਭੋਗਾਂ ਨਾਲੋਂ (ਅਤੀਤ) ਪਰੇ ਹੈ ਭਾਵ ਕੀ ਕਿ ਗੁਰਮੁਖਾਂ ਨੂੰ ਜੋਗ ਭੋਗ ਨਾਲੋਂ ਸਤਸੰਗ ਵਿਚ ਬਹੁਤ ਲਾਭ ਪ੍ਰਾਪਤ ਹੁੰਦਾ ਹੈ ਅਤੇ ਸੁਖ ਪਾਉਂਦੇ ਦੇ ਹਨ ਅਤੇ ਓਹ ਦੋਨੋ ਹੀ ਕਲਪਦੇ ਰਹਿੰਦੇ ਹਨ, (ਜਤ ਇਹ ਲੀ ਦੀਪਕ ਹੈ)।

ਗ੍ਯਾਨ ਬਿਖੈ ਧ੍ਯਾਨ ਅਰ ਧ੍ਯਾਨ ਬਿਖੈ ਬੇਧੇ ਗ੍ਯਾਨ ਗੁਰਮਤਿ ਜੀਤ ਗ੍ਯਾਨ ਧ੍ਯਾਨ ਕੈ ਅਜੀਤ ਹੈ ॥

(ਗ੍ਯਾਨ) ਗਿਆਨ ਕਰਨ ਵਾਲੇ ਗਿਆਨੀਆਂ ਦਾ (ਧ੍ਯਾਨ) ਧਿਆਨ ਕਰਨਾ ਉਨ ਵਿਚ ਚਿਤ (ਬੇਧੇ) ਮਿਲਿਆ ਰਹਿੰਦਾ ਹੈ ਭਾਵ ਜੋ ਗਿਆਨੀ ਆਖਦੇ ਹਨ ਅਸਾਂ ਵਾਹਿਗੁਰੂ ਵਲ ਧਿਆਨ ਨਾ ਲਾ ਲਿਆ, ਗਿਆਨੀਆਂ ਦਾ ਚਿਤ ਧਿਆਨ ਵਲ ਹੀ ਮਿਲਿਆ ਰਹਿੰਦਾ ਹੈ ਅਤੇ ਧਿਆਨ ਲਗਾਉਣ ਵਾਲਿਆਂ ਦਾ ਚਿਤ ਗਿਆਨ ਕਰਨ ਵਿਚ ਮਿਲਿਆ ਰਹਿੰਦਾ ਹੈ ਭਾਵ ਗਿਆਨੀਆਂ ਨੂੰ ਧਿਆਨ ਦੀ ਇਛਾ ਬਨੀ ਰਹਿੰਦੀ ਹੈ ਅਤੇ ਧਿਆਨੀਆਂ ਨੂੰ ਗਿਆਨ ਦੀ ਇਛਾ ਬਨੀ ਰਹਿੰਦੀ ਹੈ (ਬੇਧੇ, ਦਿਹਲੀ ਦੀਪਕ ਪਦ ਹੈ) ਪਰ ਗੁਰਮੁਖਾਂ ਨੂੰ ਜੋ ਗੁਰਮਤ ਗੁਰੂ ਜੀ ਦੀ ਸਿਖਿਆ (ਗਤਿ) ਪ੍ਰਾਪਤ ਹੋਈ ਹੈ ਸੋ ਇਸ ਵਾਸਤੇ ਪਾਖੰਡ ਦੇ ਗਿਆਨ ਧਿਆਨ ਨੂੰ ਜੀਤ ਕਰਕੇ (ਅਜੀਤ) ਪਰੇ ਹੋ ਗਏ ਹਨ ਭਾਵ ਗੁਰਮਤ ਦੀ ਰੀਤੀ ਕਰਕੇ ਗੁਰਮੁਖ ਐਸੇ ਬਗਲੇ ਵਤ ਧਿਆਨ ਲਗਾਉਂਦੇ ਅਤੇ ਸਿਰ ਦਰਦੀ ਦੇ ਗਿਆਨ ਤੋਂ (ਅਤੀਤ) ਪਰੇ ਦੂਰ ਹਨ ਐਸੇ ਗਿਆਨ ਧਿਆਨ ਨੂੰ ਚੰਗਾ ਨਹੀਂ ਸਮਝਦੇ।

ਪ੍ਰੇਮ ਕੈ ਭਗਤ ਅਰ ਭਗਤ ਕੈ ਪ੍ਰੇਮ ਨੇਮ, ਅਲਖ ਭਗਤ ਪ੍ਰੇਮ ਗੁਰਮੁਖ ਰੀਤ ਹੈ ॥

(ਪ੍ਰੇਮ ਕੈ) ਪ੍ਰੇਮ ਕਰਨ ਵਾਲੇ ਭਗਤੀ ਦਾ ਅਨੁਮਾਨ ਕਰਦੇ ਰਹਿੰਦੇ ਹੋਨ ਭਾਵ ਆਖਦੇ ਪ੍ਰੇਮੀ ਭਗਤੀ ਪਾਖੰਡੀ ਕਰਨੀ ਚਾਹੁੰਦੇ ਹਨ ਅਤੇ ਪ੍ਰੇਮ ਦਾ (ਨੇਮ) ਜਪ ਤਪ ਸਾਧਨ ਨਿਉਲੀ ਕਰਮ ਆਦਿਕ ਕਰਨ ਵਾਲੇ ਭਗਤਾਂ (ਕੈ) ਕਰਨ

ਦਾ ਖਿਆਲ ਕਰਦੇ ਹੋਨ, ਓਹਨਾਂ ਨੂੰ ਰਹਦੀ ਇਛਿਆ ਤੇ ਓਹਨਾਂ ਨੂੰ ਓਹਦੀ ਇਛਿਆ ਬਣੀ ਰਹਿੰਦੀ ਹੈ ਪਰਸਪਰ ਹੋਏ ਰਹਿੰਦੇ ਹੋਨ ਅਤੇ ਜੋ ਗੁਰਮੁਖਾਂ ਦੇ ਪ੍ਰੇਮ ਦੀ ਰੀਤੀ ਹੈ ਓਹ ਏਹਨਾਂ ਦੇ ਪ੍ਰੇਮ ਨੇਮ ਭਗਤੀ ਤੋਂ (ਅਲਖ) ਪਰੇ ਹੈ ਭਾਵ ਜੋ ਗੁਰਮੁਖਾਂ ਦਾ ਪ੍ਰੇਮ ਦੀ ਰੀਤੀ ਹੈ ਇਹ ਦੋਹਾਂ ਨਾਲੋਂ ਸ੍ਰੇਸ਼ਟ ਅਤੇ ਹੋਰ ਹੈ।

ਨਿਰਗੁਨ ਸਰਗੁਨ ਬਿਖੈ ਬਿਸਮ ਬਿਸ੍ਵਾਸ ਹਿਦੈ,
ਬਿਸਮ ਬਿਸ੍ਵਾਸ ਪਾਰ ਪੂਰਨ ਪ੍ਰਤੀਤ ਹੈ॥ ੮ ॥ ੪੭॥

ਨਿਰਗੁਨ ਦਾ (ਬਿਸ੍ਵਾਸ) ਭਰੋਸਾ ਜੋ (ਬਿਸਮ) ਅਸਚਰਜ ਹਿਦੇ ਵਿਚ ਧਾਰਨ ਕਰਨ ਵਾਲੇ ਹਨ ਓਹ ਸਰਗੁਨ ਵਿਚ ਭਰੋਸਾ ਹਿਦੇ ਕਰਕੇ ਕਹਿਆ ਚਾਹੁੰਦੇ ਹਨ ਅਤੇ ਸਰਗੁਨ ਦਾ ਰਿਦੇ ਵਿਚ ਜੋ ਭਰੋਸਾ ਅਸਚਰਜ ਕਰਨ ਵਾਲੇ ਹਨ ਓਹ ਨਿਰਗੁਨ ਵਿਚ ਕਹਿਆ ਚਾਹੁੰਦੇ ਹਨ ਭਾਵ ਜੋ ਨਿਰਗੁਨ ਨੂੰ ਪੂਜਦੇ ਹੋਨ ਓਹ ਕਹਿੰਦੇ ਹੋਨ ਸਾਨੂੰ ਏਥੋਂ ਕੁਝ ਨਹੀਂ ਮਿਲਿਆ ਤਾਂਤੇ ਅਸੀ ਸਰਗੁਨ ਨੂੰ ਧਿਆਉਣਾ ਚਾਹੁੰਦੇ ਹਾਂ ਅਤੇ ਸਰਗੁਨ ਨੂੰ ਯਾਦ ਕਰਨ ਵਾਲੇ ਆਖਦੇ ਹਨ ਸਾਨੂੰ ਏਥੋਂ ਕੁਝ ਨਹੀਂ ਪ੍ਰਾਪਤ ਹੋਇਆ ਤਾਂਤੇ ਅਸੀ ਨਿਰਗੁਨ ਨੂੰ ਪੂਜਣਾ ਕਰਦੇ ਹਾਂ ਪਰਸਪਰ ਇਛਾ ਬਣੀ ਰਹਿੰਦੀ ਹੈ ਪਰ ਗੁਰਮੁਖ ਜੋ ਪੂਰਨ ਪ੍ਰਤੀਤ ਕਰਨ ਵਾਲੇ ਹੋਨ ਓਹ ਦੋਨਾਂ ਤੇ (ਪਾਰ) ਪਰੇ ਹਨ ਭਾਵ ਕੀ ਕਿ ਓਹ ਵਾਹਿਗੁਰੂ ਨਾਲ ਮਿਲ ਗਏ ਹਨ ਓਹਨਾਂ ਨੂੰ ਇਛਾ ਕੋਈ ਨਹੀਂ ਰਹੀ ਹੈ ॥ ॥ ੪੭ ॥

ਗੁਰਾਂ ਦੀ ਕ੍ਰਿਪਾ ਦ੍ਰਿਸ਼ਟੀ ਦਾ ਵਰਨਨ

ਕਿੰਚਤ ਕਟਾਛ ਦਿਬ ਦੇਹ ਦਿਬ ਦ੍ਰਿਸ਼ਟਿ ਹੋਇ,
ਦਿੱਬ ਜੋਤ ਕੈ ਧਿਆਨ ਦਿਬ ਦ੍ਰਿਸ਼ਟਾਂਤ ਕੈ ॥

(ਕਿੰਚਿਤ) ਥੋੜੀ ਜੇਹੀ (ਕਟਾਛ) ਕ੍ਰਿਪਾ ਦ੍ਰਿਸ਼ਟੀ ਜਦ ਗੁਰਾਂ ਨੇ ਆਪਣਾ ਗੁਰਮੁਖਾਂ ਉਪਰ ਕੀਤੀ ਤਾਂ ਓਹ (ਦਿੱਬ) ਸੁਧ ਦੇਵਤਿਆਂ ਵਾਲੀ ਦੇਹ ਵਾਲੇ ਹੋ ਗਏ ਔਰ (ਦਿੱਬ) ਸੁਧ ਦ੍ਰਿਸ਼ਟੀ ਹੋ ਗਈ ਏਹੋ ਹੀ ਦਿਬ ਦੇਹ ਦੀ ਨਸ਼ਾਨੀ ਹੈ ਜੋ ਸਾਰਿਆਂ ਨੂੰ ਸਮ ਦ੍ਰਿਸ਼ਟੀ ਹੋਗਈ ਔਰ (ਦਿਬ) ਸੁਧ ਵਾਹਿਗੁਰੂ (ਜੋਤ) ਪ੍ਰਕਾਸ਼ ਸਰੂਪ ਦਾ ਧਿਆਨ ਕੀਤਾ (ਦਿਬ) ਸੁਧ ਦ੍ਰਿਸ਼ਟੀ ਕਰਕੇ ਦਾ ਸੁਧ ਨਜ਼ਰਨ ਸੌਣਾ ਕਰਿਆ ॥

ਸਬਦ ਬਿਬੇਕ ਟੇਕ ਪ੍ਰਗਟ ਹ੍ਵੈ ਗੁਰਮਤ
ਅਨਹਦ ਧੀਮ ਉਨਮਨੀ ਕੈ ਮਤਾਂਤ ਕੈ ॥

ਮਤ ਆਪ ਆਖਦੇ ਹਨ ਜੋ ਜੀ ਦੇ ਗੁਰਾਂ ਨੇ ਗੁਰਮੁਖਾਂ ਉਪਰ ਕ੍ਰਿਪਾ ਦ੍ਰਿਸ਼ਟੀ ਕੀਤੀ ਓਹ ਸੋਹਜੋ ਗਯਾਨ ਵਾਰ ਸਭੇ ਸੋ ਉਜਲ ਹੋ ਕਿ (ਸਬਦ) ਉਪਦੇਸ਼

ਗੁਰਾਂ ਦੇ ਕਹਣੇ (ਬਿਬੇਕ) ਵਿਚਾਰ ਹੀ (ਟੇਕ) ਓਹ ਜਦ ਲਈ ਤਾਂ ਗੁਰਾਂ ਦੇ (ਮਤ) ਸਿਖਿਆ ਪ੍ਰਗਟ ਹੋ ਆਈ ਅਰ ਜਦ (ਸਿਖਰ) ਵਾਹਿਗੁਰੂ ਜੋ ਦੇ ਰੂਪ ਵਿਚ ਰੂਪ ਹੈ ਭਾਵ ਦ੍ਵੈਤਾ ਤੇ ਰਹਿਤ ਉਸ ਦੀ ਜਦ ਗੁਰਾਂ ਦੇ ਉਪਦੇਸ਼ ਕਰਕੇ (ਟਕ) ਓਟ ਲਈ ਤਾਂ (ਅਨਹਦ) ਇਕ ਰਸ (ਰੰਗ) ਪਹੁੰਚਕੇ (ਉਨਮਨ) ਤੁਰੀਆ ਪਦ ਵਿਚ (ਮਤਵਾਰੇ) ਮਸਤ ਹੋਣਾ ਕਰਿਆ ਭਾਵ ਜਦ ਗੁਰਾਂ ਦਾ ਉਪਦੇਸ਼ ਸੁਣਿਆ ਤਾਂ ਵਿਚਾਰ ਕੀਤੀ ਅਰ ਗੁਰਮਤ ਹਿਰਦੇ ਵਿਚ ਪ੍ਰਗਟੀ ਤਾਂ ਵਾਹਿਗੁਰੂ ਵਿਚ ਇਕ ਰਸ ਧਯਾਨ ਲਗਾ ॥

ਗਯਾਨ ਧਯਾਨ ਕਰਨੀ ਕੈ ਉਪਜਤ ਪ੍ਰੇਮ ਰਸ
ਗੁਰਮੁਖ ਸੁਖ ਪ੍ਰੇਮ ਨੇਮ ਨਿਜ ਕ੍ਰਾਂਤ ਕੈ ॥

ਗਯਾਨ ਗੁਰਾਂ ਦਾ ਅਤੇ ਧਯਾਨ ਵਾਹਿਗੁਰੂ ਦਾ ਇਹਨਾਂ ਦੁਹਾਂ ਦੀ ਕਰਨੀ ਕਰਕੇ ਪ੍ਰਗਟ ਹੋਯਾ ਹੈ ਪ੍ਰੇਮ ਰਸ ਗੁਰਮੁਖਾਂ ਨੂੰ ਉਸ ਪ੍ਰੇਮ ਨੇਮ ਕਰਕੇ (ਨਿਜ) ਆਪਣੀ (ਕ੍ਰਾਂਤਿ) ਸੋਭਾ ਦਾ ਸੁਖ ਹੋਯਾ ਹੈ ॥

ਚਰਨ ਕਮਲ ਦਲ ਸੰਪਟ ਮਧੁਪ ਗਤ
ਸਹਜ ਸਮਾਧ ਮਧਪਾਨ ਪ੍ਰਾਨ ਸਾਂਤ ਕੈ ॥ ੬ ॥ ੪੭ ॥

ਤਾਂ ਫਿਰ ਆਪ ਆਖਦੇ ਹਨ ਕਿ ਓਹ ਗੁਰਮੁਖ ਐਸੇ ਸੁਖ ਨੂੰ ਪਾਕੇ ਬੇਮੁਖ ਨਹੀਂ ਹੁੰਦੇ ਬਲਕਿ ਇਸ ਪ੍ਰਕਾਰ ਰਹਿੰਦੇ ਹੋਨ ਕਿ ਗੁਰਾਂ ਦੇ ਚਰਨ ਕਮਲ ਜੋ (ਦਲ) ਪੱਤੇ ਦੀ (ਗਤ) ਨਯਾਈਂ ਹੈਂ ਉਸ ਪਰ (ਮਧੁਪ) ਭੌਰੇ ਵਤ (ਸੰਪਟ) ਮਿਲੇ ਰਹਿੰਦੇ ਹੋਨ, ਕੈਸੇ ਅਰਥ (ਸੰਪਟ ਦਾ) ਡਬਾ ਹੈ, ਭਾਵ ਜੈਸੇ ਡਬਾ ਮਿਲਿਆ ਰਹਿੰਦਾ ਹੈ ਐਸੇ ਗੁਰਮੁਖ ਗੁਰਾਂ ਦੇ ਚਰਨਾਂ ਕਮਲਾਂ ਉਪਰ ਮਿਲੇ ਰਹਿੰਦੇ ਹੋਨ ਅਤੇ (ਸਹਜ) ਅਫੁਰ ਵਿਚ ਸਮਾਧੀ ਲਗਾਂਦੇ ਹੋਨ ਅਰ (ਮਧਪਾਨ) ਅੰਮ੍ਰਿਤ ਛਕਦੇ ਹੋਨ ਭਾਵ ਅਨੰਦ ਲੈਂਦੇ ਹਨ ਅਤੇ ਪ੍ਰਾਣਾਂ ਕਰਕੇ ਸ਼ਾਂਤੀ ਹੁੰਦੀ ਹੈ ਭਾਵ ਪ੍ਰਾਣ ਚਲਨੇ ਤੋਂ ਇਸਥਿਤ ਹੋ ਗਏ ਹਨ ॥ ੬ ॥ ੪੭ ॥

ਸੂਆ ਗਹਿ ਨਲਨੀ ਕੌ ਉਲਟ ਗਹਾਵੈ ਆਪ
ਹਾਥ ਸੈ ਛਡਾਏ ਛਾਡਿ ਪਰ ਬਸ ਆਵਈ ॥

ਅਬ ਸੰਗਤ ਪਰ ਵਰਨਨ ਕਰਦੇ ਹੋਨ ਭਾਵ ਕੀ ਕਿ ਗੁਰਮੁਖ ਚੰਗੀ ਸੰਗਤ ਕਰਕੇ ਸੁਖ ਪਾਉਂਦੇ ਹਨ ਅਤੇ ਮਨਮੁਖ ਮਾੜੀ ਸੰਗਤ ਕਰਕੇ ਦੁਖ ਪੌਂਦੇ ਹਨ ਆਪ ਆਖਦੇ ਹਨ ਜੋ (ਸੂਆ) ਤੋਤਾ (ਗਹਿ) ਪਕੜਕੇ ਨਲਨੀ ਨੂੰ ਅਰ ਉਲਟਾ ਆਪਣੇ ਆਪ ਕੋ (ਗਹਾਵੈ) ਪਕੜਾ ਲੈਂਦਾ ਹੈ ਭਾਵ ਤੋਤਾ ਜੋ ਨਲਨੀ ਨੂੰ ਪਹਿਲੇ ਭੋਜਨ ਦੇ ਲੋਭ ਨਾਲ ਪਕੜਿਆ ਤੇ ਸੋਈ ਆਪਣੇ ਆਪਨੂੰ ਪਕੜਾ

ਲਿਆਂ ॥

ਤੋਤੇ - ਜਾਨਵਰ ਪਕੜਨ ਵਾਲੇ ਫੰਦਕਾਇਕ ਕਟੋਰਾ ਪਾਣੀ ਦਾ ਭਰਕੇ ਵਿਚ ਲਕੜੀ ਦੀ ਕਲੀ ਬਣੀ ਹੋਈ ਉਸ ਕਟੋਰੇ ਉਪਰ ਬੰਨ੍ਹ ਦੇਂਦੇ ਹੈਨ ਅਤੇ ਨਾਲ ਟੁਕੜਾ ਲਟਕਾ ਦੇਂਦੇ ਹਨ ਜਦ ਉਸਨੂੰ ਆਣਕੇ ਤੋਤਾ ਪਕੜਦਾ ਹੈ ਤਾਂ ਉਲਟ ਜਾਂਦਾ ਹੈ ਭਾਵ ਸਿਰ ਨੀਚੇ ਹੋ ਜਾਂਦਾ ਹੈ ਅਤੇ ਲਤਾਂ ਉਪਰ ਹੋ ਜਾਂਦੀਆਂ ਹਨ, ਤੋਤਾ ਜਦ ਇਸ ਹਾਲ ਵਿਚ ਹੋਇਆ ਹੋਇਆ ਟੀਂ ਟੀਂ ਕਰਕੇ ਸ਼ੋਰ ਕਰਦਾ ਹੈ ਅਤੇ ਉਸ ਨਾਲੋਂ ਆਪਣੇ ਪੌਂਚੇ ਨਹੀਂ ਛਡਦਾ ਕਿਉਂਕਿ ਨੀਚੇ ਦਰਿਆ ਵਗਦਾ ਦੇਖਦਾ ਹੈ ਅਤੇ ਇਹ ਜਾਣਦਾ ਹੈ ਕਿ ਮੈਂ ਜਦ ਪੰਜਾ ਛੋੜਿਆ ਤਾਂ ਡੁਬ ਜਾਵਾਂਗਾ ਪਰ ਇਹ ਉਸਦਾ ਭਰਮ ਹੈ ਜੇਕਰ ਓਹ ਪੰਜਾ ਛਡ ਦੇਵੇ ਤਾਂ ਉਡ ਸਕਦਾ ਹੈ, ਪਰ ਉਹ ਡਰਦਾ ਨਹੀਂ ਛਡਦਾ ਇਹ ਸੰਗਤ ਦਾ ਫਲ ਹੈ ਜੋ ਉਸਨੇ ਨਲਨੀ ਦੀ ਸੰਗਤ ਕੀਤੀ ਤੇ ਆਪਨੇ ਆਪ ਨੂੰ ਪਕੜਾਇਆ । ਫਿਰ ਆਪ ਆਖਦੇ ਹਨ ਕਿ ਜਦ ਉਸ ਤੋਤੇ ਨੂੰ ਮਾਲਕ ਜਾਨਵਰ ਪਕੜਨ ਵਾਲਾ (ਪਕੜ ਕੇ) ਆਪਣੇ ਹਥ ਦੇ ਨਾਲ ਉਸਦੇ ਪੌਂਚੇ ਉਸ ਨਲਨੀ ਨਾਲੋਂ ਛੁਡਾਵੇ ਤਾਂ ਛਡਦਾ ਹੈ, ਐਵੇਂ ਨਹੀਂ ਛਡਦਾ ਭਾਵ ਟੀਂ ਟੀਂ ਕਰਦਾ ਰਹਿੰਦਾ ਹੈ ਤਾਂ ਫਿਰ ਵੀ ਜਦ ਫੰਧਕ ਉਸਨੂੰ ਛੁਡਾਉਂਦਾ ਹੈ ਤਾਂ ਓਹ ਤੋਤਾ ਛੁਟ ਨਹੀਂ ਸਕਦਾ ਅਤੇ ਨਾ ਉਡ ਸਕਦਾ ਹੈ ਫਿਰ ਵੀ (ਪਰ) ਪਰਾਏ ਫੰਧਕ ਆਦਿਕ ਦੇ ਵਸ ਆ ਜਾਂਦਾ ਹੈ ਭਾਵ ਪਰਾਏ ਅਧੀਨ ਹੋ ਜਾਂਦਾ ਹੈ ॥

ਜੈਸੇ ਬਾਰੰਬਾਰ ਟੇਰ ਟੇਰ ਕਹੇ ਪਠੋ ਪਠੋ,
ਆਪਨੋ ਹੀ ਨਾਉ ਸੀਖ ਆਪ ਹੀ ਪੜ੍ਹਾਵਈ ॥

ਜੈਸੇ ਮਾਲਕ ਉਸ ਤੋਤੇ ਨੂੰ ਬਾਰ ਬਾਰ (ਟੇਰ ਟੇਰ) ਕਰਕੇ ਪਠੋ ਪਠੋ, ਪ੍ਰਸ ਪ੍ਰਭੂ ਐਸੇ ਕਰਕੇ ਪੜ੍ਹਾਂਦਾ ਹੈ ਤੈਸੇ ਹੀ ਓਹ ਤੋਤਾ ਆਪਣਾ ਨਾਮ (ਸੀਖ) ਸਿਖ ਲੈਂਦਾ ਹੈ ਔਰ ਆਗੇ ਜੋ ਘਰ ਮੇਂ ਆਉਂਦੇ ਹੋਣ ਉਹਨਾਂ ਨੂੰ ਜੋ ਕੁਛ ਪੜ੍ਹਿਆ ਹੋਇਆ ਹੈ ਓਹੋ ਹੀ ਆਪ (ਪੜ੍ਹਾਵਈ) ਪੜ੍ਹਾਉਂਦਾ, (ਸਿਖਾਉਂਦਾ ਹੈ) ਜੈਸੇ ਦਾਰਸ਼ਟਾਂਤ ਵਾਸਤੇ ਉਪਰੋਂ ਆਂਦਾ ਹੈ ॥

ਰਘੂਬੰਸੀ ਰਾਮ ਨਾਮ ਗਾਲ ਜਾਮਨੀ ਸੁ ਭਾਖਾ,
ਸੰਗਤ ਸੁਭਾਵ ਗਤਿ ਬੁਧ ਪ੍ਰਗਟਾਵਈ ॥

(ਰਘੂਬੰਸੀ) ਰਾਮ ਚੰਦ੍ਰ ਦੀ ਕੁਲ ਦੇ ਆਦਮੀ, ਸੋ ਕੌਣ ? ਹਿੰਦੂ। ਕਿਹਾ ਕਿ ਹਿੰਦੂਆਂ ਦੇ ਘਰ ਜਾਵੇ ਤਾਂ ਓਹ ਭੀ ਉਸ ਤੋਤੇ ਨੂੰ ਰਾਮ ਨਾਮ ਸਿਖਲਾਂਦੇ ਅਤੇ ਓਹ ਰਾਮ ਨਾਮ ਹੀ ਪੜ੍ਹਿਆ ਕਰਨਾ ਨੂੰ ਪੜ੍ਹਾਵਣਾ ਸਕਦਾ (ਜਾਮਨੀ) ਤੁਰਕਾਂ ਦੇ ਘਰ ਜੇ ਚਲਾ ਜਾਵੇ ਤਾਂ ਉਹ ਵਾਹੇ ਉਸਨੂੰ (ਗਾਲ)

ਗਾਲੀਆਂ ਮੁਸਲਮਾਨ ਅੰਦਰ ਉਹ ਗਾਲੀਆਂ ਹੀ ਸਿਖ ਲੈਂਦਾ ਹੈ ਅਤੇ ਹਿੰਦੂਆਂ ਨੂੰ ਵੀ ਗਾਲੀਆਂ ਹੀ ਦਿੰਦਾ ਹੈ (ਮੁਸਲਮਾਨ) ਜੋ ਜੇ ਤੁਰਕ ਉਸਨੂੰ ਬਹੁਤ ਪਸੰਦ ਹੈ ਉਹ ਜੈ (ਭਾਖਾ) ਬੋਲੀ ਜੋ ਪੜ੍ਹਿਆ ਹੋਇਆ ਹੈ ਤੋਤਾ ਅਜੇਹੀ ਓਹਾ ਹੀ ਪੜ੍ਹਦਾ ਹੈ ਇਹ ਸੰਗਤ ਦਾ ਸੁਭਾਵ ਪ੍ਰਾਪਤ ਹੋਯਾ ਜੈਸੀ ਸੰਗਤ ਕੀਤੀ ਤੈਸੀ ਗੁਣ ਪ੍ਰਗਟ ਹੋ ਆਯਾ। ਹਿੰਦੂਆਂ ਦੇ ਘਰ ਰਹਿ ਕਰਕੇ ਰਾਮ ਨਾਮ ਸਿਖ ਲਿਆ ਅਤੇ ਮੁਸਲਮਾਨਾਂ ਦੇ ਘਰ ਰਹਿ ਕਰਕੇ ਗਾਲੀਆਂ ਸਿਖ ਲਿਆ॥

ਤੈਸੇ ਗੁਰ ਚਰਨ ਸਰਨ ਸਾਧ ਸੰਗ ਮਿਲੇ
ਆਪਾ ਆਪੁ ਚੀਨ ਗੁਰਮੁਖ ਸੁਖ ਪਾਵਹੀ ॥੧੦॥੪੪॥

ਤੈਸੇ ਹੀ ਸਾਧ ਸੰਗਤ ਵਿਚ ਜੋ ਗੁਰੂ ਮਿਲੇ ਹੋਏ ਹਨ ਉਹਨਾਂ ਦੇ ਚਰਨਾਂ ਦੀ ਸਰਨ ਨੂੰ ਪ੍ਰਾਪਤ ਹੋਕੇ ਗੁਰਮੁਖ ਸਾਧ ਸੰਗਤ ਵਿਚ ਮਿਲਦੇ ਹਨ ਵਾ ਗੁਰਾਂ ਦੇ ਚਰਨਾਂ ਦੀ ਸਰਨ ਵਿਚ ਜੋ ਸਤਿ ਸੰਗਤ ਮਿਲੀ ਹੋਈ ਹੈ ਤੈਸੇ ਹੀ ਗੁਰਮੁਖ ਸਮਝਕੇ ਉਹਨਾਂ ਗੁਰਾਂ ਨਾਲ ਮਿਲਦੇ ਹੋਨ ਅਤੇ ਆਪਣੇ ਆਪਨੂੰ (ਚੀਨ) ਜਾਨਕੇ ਸੁਖ ਪਾਉਂਦੇ ਹਨ ਭਾਵ ਕਿਆ ਕਿ ਇਹ ਜਾਨਦੇ ਹੈਨ ਕਿ ਅਸੀ ਕਿਆ ਚੀਜ਼ ਹਾਂ ਅਤੇ ਕਿਥੋਂ ਆਏ ਹਾਂ ਅਤੇ ਕਿਥੇ ਜਾਣਾ ਹੈ ਅਤੇ ਕਿਸ ਵਾਸਤੇ ਹੋਏ ਆਏ ਹਾਂ ਇਹੁ ਜਾਨਕੇ ਸੁਖ ਪਾਉਂਦੇ ਹਨ ॥ ੧੦॥ ੪੪ ॥

ਦ੍ਰਿਸਟਿ ਮਹਿ ਦਰਸ ਦਰਸ ਮਹਿ ਦ੍ਰਿਸਟਿ ਦ੍ਰਿਗ
ਦ੍ਰਿਸਟਿ ਦਰਸ ਅਦਰਸ ਗੁਰ ਧਯਾਨ ਹੈ ॥

ਅਬ ਆਪ ਪਿਛਲੇ ਪ੍ਰਸੰਗ ਸੁਣੀ ਅੰਗਦ ਨਾਲ ਜਾਣਕੇ ਪ੍ਰਸੰਗ ਚਲਾਂਦੇ ਹੈਨ ਆਪ ਆਖਦੇ ਹਨ ਜੋ ਪਿਛੇ ਸੰਗਤ ਦਾ ਸੁਭਾਵ ਕਥਨ ਕੀਤਾ ਹੈ ਅਤੇ ਇਹ ਕਿਹਾ ਹੈ ਕਿ ਗੁਰਮੁਖ ਵਿਵਹਾਰ ਵਿਚ ਲੋਕਾਂ ਵਾਂਗੂ ਹਨ ਤੋ ਇਸ ਕਹਿਣੇ ਪਰ ਗੁਰਮੁਖ ਕੈਸੇ ਜਾਣੇ ਜਾਣ ਕਿ ਇਹ ਗੁਰਮੁਖ ਹਨ ਸੋ ਤਿਸ ਪਰ ਕਥਨ ਕਰਦੇ ਹੈਨ ਕਿ ਗੁਰਮੁਖ ਵਿਵਹਾਰਾਂ ਵਿਚ ਵੀ ਲੋਕਾਂ ਨਾਲੋਂ ਵਖਰੇ ਹਨ ਕਿਉਂਕਿ ਲੋਕਾਂ ਦੀ ਚਿਤ ਦੀ ਬ੍ਰਿਤੀ ਉਪਰ ਵਿਵਹਾਰਾਂ ਵਲ ਹੀ ਲਗੀ ਰਹਿੰਦੀ ਹੈ ਭਾਵ ਕੂੜ ਬੋਲਦੇ ਰਹਿੰਦੇ ਹੈਨ ਅਤੇ ਨਾਮ ਵਲ ਦਾ ਮਨ ਵਿਚ ਖਯਾਲ ਨਹੀਂ ਕਰਦੇ ਅਤੇ ਗੁਰਮੁਖਾਂ ਦੀ ਚਿਤ ਦੀ ਬ੍ਰਿਤੀ ਉਪਰ ਨਾਮ ਵਲ ਲਗੀ ਰਹਿੰਦੀ ਹੈ ਭਾਵ ਉਹ ਵਿਵਹਾਰ ਵੀ ਕਰਦੇ ਹੈਨ ਜੈਸੇ ਫਕੀਰ ਪੰਛੀ ਆਦਿਕ ਦੇ ਵਿਵਹਾਰ ਵਿਚ ਰਹਿੰਦੇ ਸਨ ਪਰ ਚਿਤ ਦੀ ਬ੍ਰਿਤੀ ਨਾਮ ਵਲ ਲਗੀ ਰਹਿੰਦੀ ਸੀ ਸੋ ਆਪ ਆਖਦੇ ਹਨ ਕਿ ਜੋ ਸੰਗਤ ਦੇ ਲੋਕ ਹਨ ਉਹ ਜੋ ਤਮਾਸ਼ੇ ਆਦਿਕ ਦੇਖਦੇ ਹਨ ਉਹਨਾਂ ਲੋਕਾਂ ਦੀ (ਦਰਸ) ਦੇਖਣਾ ਵਿਚ (ਦ੍ਰਿਗ) ਨੇਤ੍ਰਾਂ ਦੀ (ਦ੍ਰਿਸਟੀ) ਨਜ਼ਰ ਲਗੀ ਰਹਿੰਦੀ ਹੈ ਭਾਵ ਕਿਆ ਜੋ ਤਮਾਸ਼ਾ ਦੇਖਦੇ

ਪੇਮ ਉਸ ਵਲ ਧਿਆਨ ਰਹਿੰਦਾ ਹੈ ਕਿ ਓਹ ਕਲ ਦਾ ਤਮਾਸ਼ਾ ਕਿਆ ਸੋਹਣਾ ਸੀ ਅੰਸ ਜਿਹਨਾਂ ਲੋਕਾਂ ਦੀ ਦਰਸ਼ਨਾਂ ਵਿਚ ਹੀ ਨੇਤ੍ਰਾਂ ਦੀ ਦ੍ਰਿਸ਼ਟੀ ਲਗੀ ਰਹਿੰਦੀ ਹੀ ਹੈ ਅਤੇ (ਦਰਸ) ਓਹ ਦਰਸ਼ਨ ਨੇਤ੍ਰਾਂ ਦੀ ਦ੍ਰਿਸ਼ਟੀ ਵਿਚ ਰਹਿੰਦੇ ਹਨ ਭਾਵ ਨ ਵੇਲੇ ਤਮਾਸ਼ਾ ਆਦਿ ਜਾਣ ਵਾਲਿਆਂ ਦਾ ਦਰਸ਼ਨ ਕੀਤਾ ਸੀ ਉਸੇ ਦਰਸ਼ਨ ਦੀ ਸਿਮਰਤੀ ਭੁਲਦਾ ਨਹੀਂ ਹੈ, ਉਸਦੇ ਦਰਸ਼ਨ ਦਾ ਦਰਸਨ ਨੇਤ੍ਰਾਂ ਦੀ ਦ੍ਰਿਸ਼ਟੀ ਵਿਚ ਵਸ ਰਿਹਾ ਹੈ ਅਤੇ ਜਿਨਾਂ ਗੁਰਮੁਖਾਂ ਨੂੰ ਗੁਰ (ਧਿਆਨ) ਗੁਰਾਂ ਦੇ ਚਰਨਾਂ ਦਾ ਧਿਆਨ ਹੈ ਵਾ ਜਿਨਾਂ ਗੁਰਮੁਖਾਂ ਨੂੰ ਪ੍ਰੇਮ ਬਣਿਆ ਹੈ ਗੁਰਾਂ ਦੇ ਧਿਆਨ ਦਾ ਓਹ ਦ੍ਰਿਸ਼ਟਿ ਤੇ ਦਾ ਅਤੇ (ਦਰਸ) ਦਰਸ਼ਨ ਤੇ ਵੀ (ਅਦਰਸ) ਪਰੇ ਹੋਨ ਭਾਵ ਕਿਆ ਕਿ ਜੇਹੜੀ ਲੋਕਾਂ ਦੀ ਦ੍ਰਿਸ਼ਟੀ ਦਰਸ਼ਨਾ ਵਿਚ ਸੀ ਅਤੇ ਦਰਸ਼ਨ ਦ੍ਰਿਸ਼ਟੀ ਵਿਚ ਸੀ ਉਸਤੇ ਗੁਰਮੁਖ ਅਦਰਸ਼ ਪਰੇ ਹਨ ਭਾਵ ਨਾ ਓਹ ਮਾਇਆ ਰੂਪਾਂ ਨੂੰ ਵੇਖਦੇ ਹਨ ਅਤੇ ਨਾ ਵੇਖਕੇ ਨੇਤ੍ਰਾਂ ਦੀ ਦ੍ਰਿਸ਼ਟੀ ਵਿਚ ਵਸਾਉਂਦੇ ਹਨ ਇਸ ਵਿਲਖਣ ਬਾਣੀ ਨਾਲ ਜਗਤ ਜਗਿਆਸੂ ਗੁਰਮੁਖਾਂ ਨੂੰ ਪਹਿਚਾਨ ਲੈਂਦਾ ਹੈ ਆਪਨੇ ਜੋ ਵਿਲਖਣਤਾਈ ਪੁਛੀ ਸੀ ਸੋ ਇਹੁ ਹੈ ਕਿ ਗੁਰਮੁਖ ਗੁਰਾਂ ਪਾਸ ਪਹੁੰਚੇ ਹੋਏ ਹਨ । (ਇਸ ਵਾਸਤੇ ਦ੍ਰਿਸ਼ਟੀ ਦਰਸ ਤੇ ਪਰੇ ਹੈ) ॥

ਸਬਦ ਮਹਿ ਸੁਰਤ ਸੁਰਤ ਮਹਿ ਸਬਦ ਧੁਨ
ਸਬਦ ਸੁਰਤ ਅਗਮਿਤਿ ਗੁਰ ਗਿਆਨ ਹੈ ॥

ਫਿਰ ਆਪ ਕਥਨ ਕਰਦੇ ਹੈਨ ਲੋਕਾਂ ਦਾ ਹਾਲ ਕਿ ਓਹ ਲੋਭੀ ਕੈਸੇ ਹੈਨ ਕਿ (ਸਬਦ) ਵਾਜਿਆਂ ਦੇ ਅਵਾਜ਼ ਵਿਚ ਓਹਨਾਂ ਦੇ (ਸੁਰਤ) ਕੰਨ ਲਗੇ ਹੋਏ ਹਨ ਅਤੇ (ਸੁਰਤ) ਕੰਨਾਂ ਵਿਚ (ਸਬਦ) ਵਾਜਿਆਂ ਦੇ ਅਵਾਜ (ਦੀ) ਧੁਨ ਵਿਸ਼ੇਸ਼ ਧੁਨੀ ਵਸੀ ਹੋਈ ਹੈ ਵ ਭਾਵ ਕੀ ਕਿ ਵਾਜੇ ਸੁਣਨ ਵਲ ਉਹਨਾਂ ਦੇ ਕੰਨ ਲਗੇ ਹੋਏ ਹਨ ਅਤੇ ਵਾਜਿਆਂ ਦੀ ਅਵਾਜ਼ ਓਹਨਾਂ ਦੇ ਕੰਨਾਂ ਨੂੰ ਪਿਆਰੀ ਲਗਦੀ ਹੈ ਇਸ ਵਾਸਤੇ ਅਵਾਜ ਕੰਨਾਂ ਵਿਚ ਵਸੀ ਹੋਈ ਹੈ ਅਤੇ ਜਿਨਾਂ ਗੁਰ ਮੁਖਾਂ ਨੂੰ ਗੁਰਾਂ ਪਾਸੋਂ ਗਿਆਨ ਹੋਇਆ ਹੈ ਓਹ ਉਹਨਾਂ ਵਾਜਿਆਂ ਦੇ ਅਵਾਜ਼ ਦੀ (ਅਗਮਿਤਿ) ਮਰਯਾਦਾ ਤੇ (ਸੁਰਤ) ਕੰਨ ਰਹਿਤ ਰਖਦੇ ਹੋਨ ਭਾਵ ਓਹਨਾਂ ਵਲ ਕੰਨ ਨਹੀਂ ਲਗਾਂਦੇ ਵਾ (ਅਗਮਿਤਿ) ਮਰਯਾਦਾ ਤੇ ਰਹਿਤ ਭਾਵ ਦ੍ਰਿਸ਼ਟੀ ਦਰਸ ਤੋਂ ਗੁਰਾਂ ਦਾ ਗਿਆਨ ਪਰੇ ਹੈ ਵ ਜਿਨਾਂ ਗੁਰਮੁਖਾਂ ਨੂੰ ਗੁਰਾਂ ਦਾ ਗਿਆਨ ਹੋਇਆ ਹੈ ਓਹ ਦ੍ਰਿਸ਼ਟੀ ਸੰਸਾਰੀ ਅਤੇ ਦਰਸ਼ਨ ਸੰਸਾਰੀ ਇਨਾਂ ਤੋਂ ਪਰੇ ਹਨ ॥

ਗਿਆਨ ਧਿਆਨ ਕਰਨੀ ਕੈ ਪ੍ਰਗਟ ਪ੍ਰੇਮ ਰਸ
ਗੁਰਮਤਿ ਗਤਿ ਪ੍ਰੇਮ ਨੇਮ ਨਿਰਬਾਨ ਹੈ ॥

ਓਹਨਾਂ ਸਬਦ ਦੇ ਲੋਕਾਂ ਗਿਆਨ ਧਿਆਨ ਦੀ (ਕਰਨੀ) ਵਿਖਾਵੇ ਆਪ

(ਕੈ) ਜੈਸਾ ਹੁੰਦਾ ਹੈ ਓਹ ਦਾ ਪ੍ਰੇਮ ਰਸ ਪ੍ਰਗਟ ਹੋ ਆਉਂਦਾ ਹੈ ਭਾਵ ਜੋ ਓਹ (ਜਗਜਾਲ) ਕਥਾ ਵਾਰਤਾ ਕਰਦੇ ਹੈਨ ਕਿ ਕੋਈ ਨਾ ਇਹ ਸਭ [illegible] ਜਾਵੇ ਬਹੁਤੇ ਚਿਰ ਤਕ ਜਾਂਦੇ ਹਨ ਪ੍ਰੇਮ ਰਸ ਓਹਨਾਂ ਦਾ ਕਿਸੇ ਦਿਨ ਉਘਾ ਹੋ ਆਉਂਦਾ ਹੈ ਅਤਿ ਧਨਾਨ ਜੋ ਚਗਲੇ ਵਡ ਲਗਾ ਹੁੰਦੇ ਹਨ ਓਹ ਵੀ ਉਨਾਂ ਦਾ ਪ੍ਰਗਟ ਹੋ ਆਉਂਦਾ ਹੈ ਕਿਸੇ ਦਿਨ ਐਸਾ ਸੁਣਿਆ ਜਾਂਦਾ ਹੈ ਜੋ ਫਲਾਣਾ ਮੀਰ ਸੋਹਣਾ ਬਣੇ ਸਮਾਧੀ ਲਗਾਉਂਦਾ ਸੀ ਓਹ ਦਲ ਦੇ ਹੀ ਵੇਲੇ ਸੋਹਣੀ ਸ਼ਬਦ ਕੋ ਲੈ ਗਿਆ ਹੈ ਇਹ ਓਹਨਾਂ ਦਾ ਪ੍ਰੇਮ ਰਸ ਪ੍ਰਗਟ ਹੋ ਆਉਂਦਾ ਹੈ ਵਾ ਓਹ ਜੋ ਕਰਾਨ ਫੋਲਿਆਂ ਵਿਚ ਕਰਦੇ ਹੈਨ ਅਤੇ ਧਨਾਨ ਇਸਤ੍ਰੀਆਂ ਵਲ ਕਰਦੇ ਹੈਨ ਉਸਤੋਂ ਕਿਰਿਆ ਦਾ ਪ੍ਰੇਮ ਰਸ ਪ੍ਰਗਟ ਹੁੰਦਾ ਅਤੇ ਜਿਨਾਂ ਗੁਰਮੁਖਾਂ ਨੂੰ ਗੁਰੂ ਦੀ ਸਿਖਿਆ (ਗਤਿ) ਪ੍ਰਾਪਤ ਹੋਈ ਹੈ ਓਹ ਏਹੋ ਜੇਹੇ ਪਾਖੰਡ ਪ੍ਰੇਮ ਨੇਮ ਤੋਂ (ਨਿਰਬਾਨ) ਰਹਿਤ (ਵ ਨਿਰਬੰਧ) ਹਨ ਭਾਵ ਜਿਨਾਂ ਨੂੰ ਗੁਰਾਂ ਦੀ (ਮਾਨ) ਸਿਖਿਆ ਮਿਲੀ ਹੈ ਓਹ ਦਿਖਲਾਵੇ ਮਾਤ੍ਰ ਪ੍ਰੇਮ ਨੇਮ ਨਹੀਂ ਕਰਦੇ ॥

ਪਿੰਡ ਪ੍ਰਾਨ ਪ੍ਰਾਨ ਪਤਿ ਬੀਸ ਕੋ ਬਰਤਮਾਨ
ਗੁਰਮੁਖਿ ਸੁਖ ਇਕ ਈਸ ਮੈ ਨਿਧਾਨ ਹੈ॥੧੧॥੫੪੫॥

ਅਬ ਆਪ ਆਖਦੇ ਹਨ ਕਿ ਓਹਨਾਂ ਜਗਤ ਦੇ (ਪ੍ਰਾਨ ਪਤਿ) ਜੀਆਂ (ਵ ਲੋਕਾਂ) ਦੇ (ਪਿੰਡ) ਸਰੀਰ ਵੀ ਅਤੇ ਪ੍ਰਾਨ ਵੀ (ਬੀਸ) ਸੰਸਾਰ ਦੇ ਵਿਸ਼ਿਆਂ ਵਿਚ (ਬਰਤਮਾਨ) ਲਗੇ ਹੋਏ ਹਨ (ਵ ਵਰਤਦੇ ਹਨ) ਭਾਵ ਸਗਲ ਜੀਵ ਜਗਤ ਦੇ ਧੰਦੇ ਫਿਰਦੇ ਹਨ ਅਤੇ ਗੁਰਮੁਖ ਇਸ ਵਾਸਤੇ ਸੁਖ ਪਾਉਂਦੇ ਹਨ ਕਿ ਇਕ (ਈਸ) ਇਕ ਵਾਹਿਗੁਰੂ ਜੋ (ਨਿਧਾਨ) ਗੁਨਾਂ ਦਾ ਖਜ਼ਾਨਾ ਹੈ ਉਸ ਵਿਚ ਲਗੇ ਹੋਏ ਹਨ ॥ ੧੧ ॥ ੫੪੫ ॥

ਮਨ ਬਚ ਕ੍ਰਮ ਹ੍ਵੈ ਇਕਤ੍ਰ ਛਤ੍ਰ ਪਤਿ ਭਏ
ਸਹਜ ਸਿੰਘਾਸਨ ਕੈ ਨਿਹਚਲ ਰਾਜ ਹੈ ॥

ਪਿਛੇ ਆਪਨੇ ਵਰਨਨ ਕੀਤਾ ਹੈ ਜੋ ਗੁਰਮੁਖ ਵਾਹਿਗੁਰੂ ਨੂੰ ਮਿਲ ਕੇ ਸੁਖ ਪਾਉਂਦੇ ਹਨ ਅਤੇ ਮਨਮੁਖ ਵਿਛੜ ਕੇ ਦੁਖ ਪਾਉਂਦੇ ਹਨ ਗੁਰਮੁਖਾਂ ਨੂੰ ਸਰੀਰ ਕਰਕੇ ਵੀ ਸੁਖ ਹੈ ਜੋ ਰਾਜੇ ਹੈਨ ਰਾਜੇ ਵੀ ਚੱਕ੍ਰਵਰਤੀ ਹੈਨ ਅਤੇ ਮਿਲ ਕਰਕੇ ਗੁਰਮੁਖ ਸੁਖ ਪਾਉਂਦੇ ਹਨ ਜੋ ਵਾਹਿਗੁਰੂ ਨੂੰ ਮਿਲੇ ਹੁਨ ਅਰ ਸੇਵਾ ਕਰਕੇ ਸੁਖ ਕਿਹੜਾ ਪਾਉਂਦੇ ਹਨ ਜੋ ਰਾਜਧਾਨੀ ਦਾ ਆਨੰਦ ਲੈਂਦੇ ਹਨ ਪਰ ਗੁਰਮੁਖ ਚੱਕ੍ਰਵਰਤੀ ਰਾਜੇ ਹਨ ਉਹ ਚੱਕ੍ਰਵਰਤੀ ਰਾਜ ਕਿਹੜਾ ਹੈ ਉਨ੍ਹਾਂ ਦਾ ? (ਮਨ ਬਚ ਕਰਮ) ਮਨ ਬਾਣੀ ਅਤੇ ਸਰੀਰ ਕਰਕੇ ਇਕ ਹੋਇਆਂ ਦੇ ਜਿਨ੍ਹਾਂ ਦਾ । ਤਿਹੋ ਹੀ ਉਹ ਚੱਕ੍ਰਵਰਤੀ ਰਾਜੇ (ਭਏ) ਹੋਏ ਹਨ ॥

ਜਾਣਿਆ ਜਾਂਦਾ ਹੈ ਕਿ ਮਨ, ਬਾਣੀ, ਸਰੀਰ ਜਿਨ੍ਹਾਂ ਗੁਰਮੁਖਾਂ ਦਾ (ਹੈ ਸ਼ਿਵ ਰੂਪ) ਹੋ ਗਿਆ ਹੈ ਤਾਂਤੇ ਉਹ ਛਤ੍ਰ ਪਤੀ ਰਾਜੇ ਹੋਏ ਹਨ ॥

ਆਪ ਆਖਦੇ ਹਨ ਕਿ ਗੁਰਮੁਖਾਂ ਨੂੰ ਜੇਕਰ ਚਕ੍ਰਵਰਤੀ ਰਾਜੇ ਬਣਾਇਆ ਤਾਂ ਉਨ੍ਹਾਂ ਦਾ ਸਿੰਘਾਸਨ ਕੇਹੜਾ ਹੋਇਆ ? ਸੋ (ਸਹਜ) ਗਿਆਨ ਰੂਪੀ ਸਿੰਘਾਸਨ ਦੇ (ਹੈ) ਉਪਰ ਬਿਰਾਜਮਾਨ ਹੋਏ ਹਨ ਅਤੇ (ਨਿਹਚਲ ਰਾਜ) ਉਨ੍ਹਾਂ ਦੀ (ਸਰੂਪ) ਅਰਥਾਤ ਵਾਹਿਗੁਰੂ ਵਿਚ ਲਿਵ ਲਗੀ ਹੈ ਇਹੋ ਹੀ ਉਨ੍ਹਾਂ ਦਾ ਨਿਹਚਲ ਰਾਜ ਹੈ ॥

ਸਤਜ ਔ ਸੰਤੋਖ ਦਯਾ ਧਰਮ ਅਰਥ ਮੇਲ
ਪੰਚ ਪਰਵਾਨ ਕੀਏ ਗੁਰਮਤ ਸਾਜ ਹੈ ॥

ਫਿਰ ਆਪ ਆਖਦੇ ਹਨ ਜੋ ਚਕ੍ਰਵਰਤੀ ਰਾਜੇ ਤਾਂ ਗੁਰਮੁਖਾਂ ਨੂੰ ਬਣਾਇਆ ਪਰ ਉਨ ਚਕ੍ਰਵਰਤੀ ਰਾਜਿਆਂ ਦੇ ਵਜ਼ੀਰ ਕੇਹੜੇ ਹਨ ਕਿਉਂਕਿ ਛੋਟਿਆਂ ਰਾਜਿਆਂ ਦਾ ਇਕ ਵਜ਼ੀਰ ਹੁੰਦਾ ਹੈ ਅਤੇ ਵਡਿਆਂ ਚਕ੍ਰਵਰਤੀ ਰਾਜਿਆਂ ਦੇ ਪੰਜ ਪੰਜ ਵਜ਼ੀਰ ਹੁੰਦੇ ਹਨ ਉਸਦਾ ਨਾਮ ਚਾਹੇ ਕੌਂਸਲ ਵਾ ਕਮੇਟੀ ਕਥਨ ਕਰਦੇ ਹਨ ਸੋ ਇਧਰ ਪੰਜ ਵਜ਼ੀਰ ਗੁਰਮੁਖਾਂ ਦੇ ਕੇਹੜੇ ਹਨ ਇਕ (ਸਤਜ) ਸਚ ਬੋਲਣਾ, ਦੂਜਾ (ਸੰਤੋਖ) ਹਰ ਇਕ ਵਸਤੂ ਦਾ ਸੰਤੋਖ ਰਖਣਾ, ਤੀਜਾ (ਦਯਾ) ਹਰ ਇਕ ਜੀਵ ਉਪਰ ਦਯਾ ਕਰਨੀ, ਚੌਥਾ (ਧਰਮ) ਧਰਮ ਕਰਨਾ, ਕਿਸੀ ਦੇ ਸਾਥ ਕੁਧਰਮ ਨਾ ਕਰਨਾ ਅਤੇ ਪੰਜਵਾਂ (ਅਰਥ) ਸਿਧਾਂਤ ਤਤ ਮਿਥਣਾ, ਸਤ ਅਸੱਤ ਦਾ ਵਿਚਾਰ ਕਰਨਾ ਇਹਨਾਂ ਪੰਜਾਂ ਨੂੰ (ਮੇਲ) ਮਿਲਾ ਲਵੇ ਅਤੇ ਇਹੋ ਹੀ ਪੰਜ (ਪਰਵਾਨ) ਮੰਤ੍ਰੀ ਵਾ ਵਜ਼ੀਰ ਗੁਰਮੁਖਾਂ ਨੇ ਕੀਤੇ ਹੋਏ ਹਨ ਪਰ ਫਿਰ ਜਗਿਆਸੂ ਨੇ ਸ਼ੰਕਾ ਕਰ ਦਿਤੀ ਕਿ ਭਾਵੇਂ ਕੌਂਸਲ ਵ ਕਮੇਟੀ ਹੁੰਦੀ ਹੈ ਪਰ ਵਜ਼ੀਰ ਤਾਂ ਇਕੋ ਹੀ ਹੁੰਦਾ ਹੈ, ਕਮੇਟੀ ਬਹੁਤਿਆਂ ਆਦਮੀਆਂ ਦੀ ਵੀ ਹੁੰਦੀ ਹੈ । ਸੋ ਤਿਸਦਾ ਉੱਤਰ ਦੇਂਦੇ ਹੋਏ ਕਿ ਇਹ ਪੰਜੇ ਹੀ ਸਤ, ਸੰਤੋਖ, ਦਯਾ, ਧਰਮ, ਅਰਥ, ਫੌਜ ਦੇ ਅਫਸਰ ਹੋਣ ਅਤੇ ਫੌਜ ਦੈਵੀ ਸੰਪਤਾ ਹੈ ਤਾਂ ਜਗਿਆਸੂ ਨੇ ਆਖਿਆ ਫੌਜ ਦੀ ਸਜਾਵਟ ਵੀ ਚਾਹੀਏ ਫਿਰ ਜੇ ਨੰਗੀ ਹੀ ਫਿਰਦੀ ਰਹੀ ਤਾਂ ਅਛੀ ਨਹੀਂ ਲਗੇਗੀ ਤਾਂ ਆਖਦੇ ਹਨ ਕਿ (ਸਾਜ) ਸਜਾਵਟ ਇਹੋ ਹੀ ਹੈ ਜੋ (ਗੁਰਮਤਿ) ਗੁਰਾਂ ਦੀ ਸਿਖਿਆ ਗੁਰਮੁਖਾਂ ਨੇ ਧਾਰਨ ਕੀਤੀ ਹੋਈ ਹੈ ਅਤੇ ਵਜ਼ੀਰ ਉਪਰੋਂ ਲਗਾ ਦੀਏ ਸੋ ਵਜ਼ੀਰ ਵਿਚਾਰ ਹੈ ਜੋ ਸਤ ਅਸੱਤ ਦਾ ਵਿਚਾਰ ਕਰਨਾ ਹੈ ॥

ਧਰਮ ਪਦਾਰਥ ਅਉ ਸਰਬ ਨਿਧਾਨ ਸਭ੍ਰਾ
ਸ਼ਿਵ ਨਗਰੀ ਸੁਬਾਸ ਕੋਟ ਛਬਿ ਛਾਜ ਹੈ ।

ਫਿਰ ਆਪ ਆਖਦੇ ਹਨ ਕਿ ਗੁਰਮੁਖਾਂ ਨੂੰ ਜੇਕਰ ਚਕ੍ਰਵਰਤੀ ਰਾਜੇ

ਕਾਰਨ ਕੀਤਾ ਪਰ ਜੋ ਪਾਸ ਧਨ ਨਹੀਂ ਤਾਂ ਰਾਜੇ ਕਿਸ ਕੰਮ ਦੇ ਹੋਏ ਕਿਉਂਕਿ ਚੱਕਰ ਵਰਤੀ ਰਾਜਿਆਂ ਪਾਸ ਬਹੁਤ ਸਾਰਾ ਧਨ ਹੁੰਦਾ ਹੈ। ਸੋ ਆਖਦੇ ਹਨ ਕਿ ਉਧਰ ਇਹਨਾਂ ਚੱਕਰ ਵਰਤੀ ਰਾਜਿਆਂ ਪਾਸ ਸਾਰੇ ਪਦਾਰਥ ਹੁੰਦੇ ਹਨ ਅਤੇ ਉਧਰ ਇਹਨਾਂ ਗੁਰਮੁਖਾਂ ਪਾਸ (ਸਰਬ ਨਿਧਾਨ) ਸਾਰੀਆਂ ਰਿਧੀਆਂ ਸਿੱਧੀਆਂ ਦਾ ਖਜ਼ਾਨਾ ਨਾਮ ਹੈ। ਯਥਾ—

ਰਿਧ ਸਿਧ ਨਾਮੈ ਕੀ ਦਾਸੀ

ਫਿਰ ਆਖਦੇ ਹਨ ਜੋ ਉਧਰ ਤਾਂ ਰਾਜ ਦਰਬਾਰ ਹੁੰਦੇ ਹਨ ਏਧਰ ਦਾਸ ਦਰਬਾਰ ਕੇਹੜਾ ਹੈ। ਸੋ ਆਖਦੇ ਹਨ ਕਿ ਇਧਰ ਸੰਤਾਂ ਦੀ ਸੰਗਤ ਗੁਰਮੁਖ ਕਰਦੇ ਹੈਨ ਇਹੋ ਹੀ ਸਭਾ ਹੈ ਅਤੇ ਚੱਕਰ ਵਰਤੀ ਰਾਜਿਆਂ ਦੀ ਨਗਰੀ ਭੀ ਹੁੰਦੀ ਹੈ ਇਹਨਾਂ ਗੁਰਮੁਖਾਂ ਦੀ ਨਗਰੀ ਕੇਹੜੀ ਹੈ। ਸੋ ਆਖਦੇ ਹਨ ਕਿ (ਸਿਵ ਨਗਰੀ) ਚੌਥੀ ਭੂਮਕਾ ਵਿਚ ਜੋ ਗੁਰਮੁਖ ਵਸਦੇ ਹਨ ਇਹੋ ਹੀ ਨਗਰੀ ਹੈ ਅਤੇ ਫਿਰ ਆਪ ਆਖਦੇ ਹਨ ਕਿ ਰਾਜਿਆਂ ਪਾਸ ਸੁਗੰਧੀਆਂ ਕਈ ਤਰਾਂ ਦੀਆਂ ਹੁੰਦੀਆਂ ਹਨ ਸੋ ਗੁਰਮੁਖਾਂ ਚੱਕਰ ਵਰਤੀ ਰਾਜਿਆਂ ਪਾਸ ਕੇਹੜੀਆਂ ਸੁਗੰਧੀਆਂ ਅਤਰ, ਫੁਲੇਲ ਆਦਿਕ ਦੀਆਂ ਹਨ। ਤਿਸ ਪਰ ਆਖਦੇ ਹਨ ਜੋ (ਸੁਬਾਸ) ਜਿਸ ਭਗਤੀ ਦੀ ਛਬ (ਸੋਭਾ ਕੇਵ) ਕਰੋੜਹਾ ਤਰਾਂ ਦੀ (ਬਾਸ) ਬਿਰਾਜ ਰਹੀ ਹੈ ਭਾਵ ਗੁਰਮੁਖ ਭਗਤੀ ਜੋ ਕਰਦੇ ਹੈਨ ਇਸਦੀ ਪਵਿਤ੍ਰ ਕੀਰਤੀ ਰੂਪੀ ਵਾਸ਼ਨਾ ਤਿੰਨਾਂ ਲੋਕਾਂ ਉਪਰ ਫੈਲ ਜਾਂਦੀ ਹੈ ਇਸ ਵਾਸਤੇ ਬਹੁਤ ਤਰਾਂ ਦੀ ਇਹਨਾਂ ਦੀ ਸ਼ੋਭਾ ਹੁੰਦੀ ਹੈ ਅਤੇ ਇਹੋ ਹੀ ਇਨ੍ਹਾਂ ਦੀ ਸੁਗੰਧੀ ਹੈ। ਜਗਿਆਸੂ ਨੇ ਸ਼ੰਕਾ ਕਰ ਦਿਤੀ ਕਿ ਜੇਕਰ ਚੱਕਰਵਰਤੀ ਰਾਜਿਆਂ ਪਾਸ ਕਿਲਾ ਨਾ ਹੋਵੇ ਤਾਂ ਓਹ ਚਕਰ ਵਰਤੀ ਰਾਜੇ ਕਿਸ ਕੰਮ ਦੇ ਹੈਨ। ਸੋ ਜਿਸਦਾ ਉਤਰ ਦੇਂਦੇ ਹੈਨ ਕਿ (ਕੋਟ ਕਿਲਾ) ਮਨੁਖਾ ਜਨਮ ਉਨ੍ਹਾਂ ਨੂੰ ਮਿਲਿਆ ਹੋਇਆ ਹੈ ਕਿਉਂਕਿ ਪਸ਼ੂ ਆਦਿਕ ਜੋ ਜੂਨੀਆਂ ਹਨ ਇਨ੍ਹਾਂ ਵਿਚ ਉਧਾਰ ਦਾ ਕੋਈ ਕਾਰਨ ਨਹੀਂ ਹੈ ਅਤੇ ਇਹ ਮਨੁਖਾ ਜਨਮ ਉਤਮ ਹੈ ਜਿਸ ਵਿਚ ਨਾਮ ਦੇ ਜਪਣ ਕਰਕੇ ਉਨ੍ਹਾਂ ਦੀ ਰਖਿਆ ਹੁੰਦੀ ਹੈ ਅਤੇ ਉਨ੍ਹਾਂ ਦਾ ਉਧਾਰ ਹੋ ਜਾਂਦਾ ਹੈ ਤਾਂ ਨਾਮ ਰੂਪ ਕਿਲੇ ਦੀ ਸੋਭਾ ਬਿਰਾਜ ਰਹੀ ਹੈ।

ਰਾਜ ਨੀਤ ਰੀਤ ਪ੍ਰੀਤ ਪ੍ਰਜਾ ਕੈ ਸੁਖੈਨ ਸੁਖ

ਪੂਰਨ ਮਨੋਰਥ ਸਫਲ ਹੇਤ ਕਾਜ ਹੈ ॥੧੨॥੮੪॥

ਪਰ ਫਿਰ ਆਖਦੇ ਹਨ ਕਿ ਰਾਜਨੀਤ ਨਾ ਹੋਵੇ ਤਾਂ ਚੱਕਰ ਵਰਤੀ ਰਾਜ ਕਿਸ ਕੰਮ ਦਾ ਹੋਇਆ ਭਾਵ ਕਿਆ ਕਿ ਜੇ ਪ੍ਰਜਾ ਨੂੰ ਦੁਖ ਮਿਲਦਾ ਰਿਹਾ ਅਤੇ ਕਿਸੀ ਤਰਹ ਪ੍ਰਜਾ ਸੁਖ ਨਾਲ ਨਾ ਬੈਠੀ ਤਾਂ ਓਹ ਰਾਜ ਕਿਸ ਕੰਮ ਦਾ ਹੈ ਤਿਸ ਪਰ ਆਖਦੇ ਹਨ ਕਿ ਵਾਹਿਗੁਰੂ ਵਿਚ ਜੋ (ਨੀਤ) ਮਿਲਾਪ ਦਾ ਪ੍ਰਕਾਰ ਪ੍ਰੀਤੀ ਰੂਪੀ ਹੈ ਇਹੀ ਜੋ ਗੁਰਮੁਖਾਂ ਚੱਕਰ ਵਰਤੀਆਂ ਦੀ ਰਾਜਨੀਤੀ ਹੈ ਅਤੇ ਜਿਸ

ਕੀਤੇ ਹੋਏ ਪਦਾਰਥਾਂ ਨੂੰ ਰੁਕੇਨ ਸਦਾ ਹੀ ਸੁਖ ਹੁੰਦਾ ਹੈ ਫਿਰ ਸਤਿਗੁਰੂ ਨੇ ਆਖਿਆ ਕਿ ਪੂਜਾ ਉਨ੍ਹਾਂ ਦੀ ਹੋਵਗੀ ਹੋਵੀ ਜਿਸ ਪਰ ਆਖਦੇ ਹਨ ਕਿ ਜੈਸਾ ਉਨਹਾਂ ਦੀ ਇੰਦ੍ਰੇ ਹਨ ਇੰਦ੍ਰਿਆਂ ਨੂੰ ਭੀ ਬਹੁਤ ਸੁਖ ਹੁੰਦਾ ਹੈ ਅਰਥਾਤ (ਕਿਉਂਜੋ ਨੇਤ੍ਰ ਸੁਖ ਹੈ ਪੂਜਾ ਦੇ ਬ੍ਰ ਦ ਇੰਦ੍ਰੇ ਵਾਲੀ ਸਿਖੀ ਸੇਵਕੀ ਗੁਰੂ ਜੀ ਸੁਖ ਵਾਲੀ ਹੈ ਵਾ ਆਪ ਆਤਮਾ ਅਨੰਦ ਲੈਂਦੇ ਰਹਿੰਦੇ ਪੂਜਾ ਦੇ ਕੌਤਕ) ਜਦ ਗੁਰਮੁਖ ਨਾਮ ਜਪਕੇ ਵਾਹਿਗੁਰੂ ਵਿਚ ਇਸਥਿਤ ਹੋਏ ਤਾਂ ਦਾ (ਪੂਜਾ) ਸਿਖੀ ਸੇਵਕੀ ਦੇ ਇਸ ਸਿਖੀ ਸੇਵਕੀ ਨੂੰ ਬਹੁਤ ਸੁਖ ਹੋਯਾ ਫਿਰ ਆਪ ਆਖਦੇ ਹਨ ਕਿ ਉਹਨਾਂ ਚਕ੍ਰਵਰਤੀਆਂ ਦੇ ਪਦ ਸੈਨਿਆਂ ਦੀ ਸਾਰੇ ਮਨੋਰਥ ਪੂਰਨੇ ਹੋਂਦਾਨ ਜੋ ਕੁਝ ਕਿਸੇ ਪਾਸੋਂ ਮੰਗਦੇ ਵਾ ਚਾਹੁੰਦੇ ਹਨ ਓਹ ਖਿਨਾਂ ਹੀ ਪਲ ਵਿਚ ਹਾਜ਼ਰ ਕਰ ਦਿੰਦਾ ਹੈ ਜਿਸ ਪਰ ਆਪ ਆਖਦੇ ਹਨ ਕਿ ਗੁਰਮੁਖਾਂ ਦੇ ਸੰਸਾਰ ਦੇ ਸਾਰੇ ਮਨੋਰਥ ਸਿਧ ਹੋ ਗਏ ਹਨ ਅਤੇ ਜੋ ਕੰਮ ਕਰਦੇ ਹਨ ਸੋ ਸਭ ਪੂਰਨ ਹੁੰਦੇ ਹਨ ਅਤੇ ਪੂਰਨ ਭੀ ਸਫਲ ਹੁੰਦੇ ਹਨ ਭਾਵ ਫਲਦਾਇਕ ਹੁੰਦੇ ਹਨ ॥ ਇਥੇ ਰੂਪ ਕਾ ਅਲੰਕਾਰ ਹੈ ॥੭੧॥੪੮॥

ਚਰਨ ਸਰਨ ਮਨ ਬਚ ਕ੍ਰਮ ਹੁਇ ਇਕਤ੍ਰ
ਚਕ੍ਰਵੈ ਸ੍ਰਿ ਛਤ੍ਰ ਤ੍ਰਿਭਵਨ ਸੁਖ ਪਾਈ ਹੈ ॥

ਅਬ ਆਪ ਵਰਨਨ ਕਰਦੇ ਹਨ ਕਿ ਚਕ੍ਰਵਰਤੀ ਰਾਜ ਤਾਂ ਪੂਰਬ ਅਤੇ ਕਰਮ ਜੋਏ ਹੋਣ ਤਾਂ ਮਿਲਦਾ ਹੈ ਜਿਨਹਾਂ ਗੁਰਮੁਖਾਂ ਨੇ ਕੋਹੜੇ ਪਹਿਲੇ ਜਨਮ ਵਿਚ ਅਹਿ ਕੰਮ ਕੀਤੇ ਹਨ ਓਹ ਚਕ੍ਰਵਰਤੀ ਰਾਜੇ ਦੇ ਕਾਰਨ ਕਹੋ ਕਿ ਉਹਨਾਂ ਨੂੰ ਐਸਾ ਰਾਜ ਕਿਸ ਤਰਾਂ ਮਿਲਿਆ ਜਿਸ ਪਰ ਆਖਦੇ ਹਨ ਕਿ ਗੁਰਾਂ ਦੇ ਚਰਨਾਂ ਦੀ ਸਰਨ ਜਦ ਉਹਨਾਂ ਗੁਰਮੁਖਾਂ ਲਈ ਅਤੇ ਗੁਰ ਸਿਖੀ ਦੀ (ਸੰਗ) ਮਿਲਣੀਆਂ ਵਿਚ ਮਿਲੇ ਇਸ ਕਰਕੇ ਉਹਨਾਂ ਨੂੰ ਚਕ੍ਰ ਵਰਤੀ ਰਾਜ ਮਿਲਿਆ ਅਤੇ ਪੂਰਬ ਉਹਨਾਂ ਨੇ ਚੰਗੇ ਕਰਮ (ਇਹੋ) ਕੀਤੇ ਜੋ ਸਾਧ ਸੰਗਤ ਦੀ ਸੇਵਾ ਕੀਤੀ ਐਸੇ ਹੀ ਸਮਝਕੇ ਗੁਰਾਂ ਨੇ ਉਨਹਾਂ ਨੂੰ ਚਕ੍ਰ ਵਰਤੀ ਰਾਜੇ ਬਨਾ ਦਿਤਾ ਫਿਰ ਉਹਨਾਂ ਗੁਰਮੁਖਾਂ ਨੂੰ ਫਲ ਕਿਆ ਮਿਲਿਆ ਤਿਸ ਪਰ ਆਖਦੇ ਹਨ ਕਿ ਮਨ ਬਾਨੀ (ਕਰਮ) ਸਰੀਰ ਇਹ ਤਿੰਨੇ ਉਨਹਾਂ ਦੇ (ਇਕਤ੍ਰ) ਵਸ ਹੋ ਗਏ ਭਾਵ ਮਨ ਭੀ ਉਹਨਾਂ ਦਾ ਮਾੜਿਆਂ ਕੰਮਾਂ ਵਲ ਨਾ ਰਲਾ ਇਸਮਾਨ ਹੋਯਾ ਅਤੇ ਬਾਨੀ ਭੀ ਉਨਹਾਂ ਦੀ ਬਿਅਰਥ ਨਾ ਮੁਖੋਂ ਨਿਕਲੀ ਅਤੇ ਸਰੀਰ ਭੀ ਉਨਹਾਂ ਦੇ ਕਪੜੇ ਪਰ ਚਲਿਆ ਭਾਵ ਜਨਮ ਮਰਨ ਤੋਂ ਰਹਿਤ ਹੋ ਗਿਆ ਹਾਕਿਆਂ ਦੇ ਤਿੰਨ ਲੋਕ ਵਸ ਹੁੰਦੇ ਹਨ ਗੁਰਮੁਖਾਂ ਦੇ ਇਹ ਹੀ ਤ੍ਰਿਲੋਕੀ ਚਮਤਕਾਰ ਹੈ ਇਹ ਸੰਗ੍ਰਾਮ ਨੂੰ ਨਾ ਲੜਦਾ ਸੋਭੀ ਕਿ ਚਕ੍ਰ ਵਰਤੀ ਰਾਜਿਆਂ ਨੂੰ ਭੀ ਪਰ ਕਿਤਿਆਂ ਦੀ ਚੋਰਾਂ ਉਪਰ ਚਾਕਰ ਆ ਜਾਂਦੀ ਹੈ ਉਨਹਾਂ ਦੇ ਹਲਕਾਰੇ ਕਹਿੰਦੇ ਹੈਨ ਐਸਾ ਭਾਗ ਕਰੀਏ ਰਹੀਆਂ ਹੋਈਆਂ ਹਨ ਪਰ ਜਿਨਹਾਂ ਨੂੰ ਗੁਰ ਅਗਰ ਪਦਾਰਥ ਦਾ ਹੈ

ਤਿਕ ਪਤ ਕਹਿਲੇ ਹੈ ਕਿ ਗੁਰਮੁਖਾਂ ਨੂੰ (ਤ੍ਰਿਕਾਲ) ਭੂਤ ਭਵਿਖਤ ਵਰਤਮਾਨ ਤਿੰਨਾਂ ਹੀ ਸਮਿਆਂ ਦੀ (ਗੰਮਿਤਾ) ਖਬਰ ਹੋ ਜਾਂਦੀ ਹੈ ਇਹੋ ਹੀ ਉਤਪਤ ਤੋਂ ਭਾਵ ਹੈ ਭਾਵ ਏ ਕਿ ਜੋ ਪਿਛੇ ਵਰਤ ਚੁਕਾ ਹੈ ਉਹ ਭੀ ਉਨਹਾਂ ਨੂੰ ਦਿਸਦਾ ਹੈ ਅਤੇ ਜੋ ਅਗੇ ਹੋਣਾ ਹੈ ਉਹ ਭੀ ਉਨਹਾਂ ਨੂੰ ਦਿਸਦਾ ਹੈ ਅਤੇ ਵਰਤਮਾਨ ਵਿਚ ਜੋ ਸਮਾਧੀ ਲਗਾ ਕਰ ਦੇਸ ਦੇਸ ਪਰ ਜੋ ਕੁਝ ਹਾਲ ਗੁਜਰਦਾ ਹੈ ਉਹ ਜਾਣ ਲੈਂਦੇ ਹਨ (ਤ੍ਰਿਭਵਨ) ਤਿੰਨਾਂ ਭਵਨਾਂ ਅਕਾਸ਼ ਜ਼ਮੀਨ ਪਤਾਲ ਦੀ ਉਨਹਾਂ ਨੂੰ ਸੂਝ ਖਬਰ (ਵ ਅੰਤ੍ਰਯਾਮਤਾ) (ਵ ਪਵਿਤ੍ਰਤਾਈ) ਪਾ ਲਈ ਹੈ ਵਰਨਾ ਦੁਨੀਆਂ ਨੂੰ ਭਾਵੇਂ ਅਪਣੇ ਘਰ ਦਾ ਵੀ ਪਤਾ ਨਾ ਹੋਵੇ ਕਿ ਨਾਲ ਦੇ ਮਹਲ ਵਿਚ ਕੀ ਹੁੰਦਾ ਹੈ ਭਾਵੇਂ ਚੋਰ ਹੀ ਲੁਟਕੇ ਲੈ ਜਾਨ। ਪਰ ਗੁਰਮੁਖਾਂ ਨੂੰ ਇਤਨੀ ਖਬਰ ਹੋ ਜਾਂਦੀ ਵ ਰਾਜਿਆਂ ਦੇ ਤ੍ਰਿਲੋਕੀ ਵਸ ਹੁੰਦੀ ਹੈ ਅਤੇ ਗੁਰ ਸਿਖਾਂ ਦੇ ਭੀ ਵਸ ਹੈ ॥

ਸਹਜ ਸਮਾਧ ਅਗਮ ਅਗਾਧ ਕਥਾ
ਅੰਤਰ ਦਿਸੰਤਰ ਨਿਰੰਤਰੀ ਜਤਾਈ ਹੈ ॥

ਅਤੇ (ਸਹਜ) ਅਫੁਰ ਵਾਹਿਗੁਰੂ ਵਿਚ ਉਨਹਾਂ ਦੀ ਸਮਾਧੀ ਲਗੀ ਪਰ ਆਪ ਆਖਦੇ ਹਨ ਕਿ ਜਿਸ ਵਕਤ ਸਮਾਧੀ ਤੇ ਉਪਰਾਮ ਹੁੰਦੇ ਹਨ ਤਾਂ ਫਿਰ ਕਿਆ ਕਰਦੇ ਹਨ ਸੋ ਆਖਦੇ ਹਨ ਕਿ (ਅਗਮ) ਜੋ ਵਾਹਿਗੁਰੂ ਹੈ ਇੰਦ੍ਰਾ ਜਾਂਸਕ੍ਰਾਂ ਦਾ ਪਹੁੰ (ਅਗਾਧ) ਬਿਅੰਤ ਉਸਦੀ ਕਥਾ ਆਪਣੇ (ਅੰਤਰ) ਅੰਦਰ ਕਰਦੇ ਹਨ ਅਤੇ (ਦਿਸੰਤਰ) ਹੋਰਨਾਂ ਦੇਸਾਂ ਤੇ (ਨਿਰੰਤਰੀ) ਇਕ ਰਸ (ਸਦਾ ਹੀ) ਜਤਾਵਨੀ ਕਰਦੇ ਹੈਨ ਭਾਵ ਕਿਆ ਪਹਿਲੇ ਆਪਣੇ ਅੰਦਰ ਵਾਹਿਗੁਰੂ ਦੀ ਕਥਾ ਵਿਚਾਰਦੇ ਹੈਨ ਅਤੇ ਫਿਰ ਦੇਸਾਂ ਦਿਸੰਤਰਾਂ ਪਰ ਰਟਨ ਕਰਕੇ ਮੁੰਹ ਦੁਆਰਾ ਉਪਦੇਸ਼ ਦੇਕਰ ਸਦਾ ਹੀ ਸੰਗਤ ਨੂੰ ਨਿਹਾਲ ਕਰਦੇ ਹੈਨ ਵਾ ਉਸ ਵਾਹਿਗੁਰੂ ਦੀ ਕਥਾ ਪਹਲਾਂ ਗੁਰਮੁਖਾਂ ਦੇ ਹਿਰਦੇ ਅੰਦਰ ਆਈ ਤਾਂ ਫਿਰ ਉਨਹਾਂ ਨੇ ਅੰਦਰ ਨਾ ਰਖੀ ਹੋਰਨਾਂ ਨੂੰ ਦਸੀ ਵਾ ਵਾਹਿਗੁਰੂ ਬਿਅੰਤ ਦੀ ਕਥ ਦੁਆਰੇ ਦੋਨਾਂ ਦਿਸੰਤਰਾਂ ਦੇ ਅੰਦਰ ਇਕ ਰਸ ਰੋਸ਼ਨ ਸੋਝੀ ਦਸੀ ਭਾਵ ਕਿਆ ਕਿ ਸਭ ਵਿਚ ਵਾਹਿਗੁਰੂ ਹੈ ॥

ਖੰਡ ਬ੍ਰਹਮੰਡ ਪਿੰਡ ਪ੍ਰਾਨ ਪ੍ਰਾਨ ਪਤਿ ਗਤਿ
ਗੁਰ ਸਿਖ ਸੰਧਿ ਮਿਲੇ ਸੋਹੰ ਲਿਵ ਲਾਈ ਹੈ ॥

ਫਿਰ ਆਪ ਆਖਦੇ ਹਨ ਕਿ ਜਿਥੇ ਕਿਥੇ ਕਥਾ ਹਰੀ ਦੀ ਕਥ ਜਿਸ ਪਰ ਕਹਿੰਦੇ ਹੈਨ ਨਵਾਂ ਖੰਡਾਂ ਵਿਚ ਹੀ ਅੰਤ ਬ੍ਰਹਮੰਡਾਂ ਸਾਰਿਆਂ ਮੁਲਕਾਂ ਵਿਚ ਵੀ ਅਤੇ (ਪਿੰਡ) ਸਾਰਿਆਂ ਸਰੀਰਾਂ ਵਿਚ ਵੀ ਅਤੇ ਸਾਰਿਆਂ

ਪ੍ਰਾਪਤ ਕਿਹਾ ਭੀ ਭਾਵ ਸਾਰਿਆਂ ਜੀਵਾਂ ਦੇ ਪ੍ਰਾਣਾਂ ਵਿਚ ਵੀ (ਪ੍ਰਾਣ ਪਤਿ) ਵਾਹਿਗੁਰੂ ਨੂੰ (ਗਤਿ) ਪ੍ਰਾਪਤ੍ਰ ਵ ਮਿਲਿਆਂ ਹੋਇਆ ਜਾਣਿਆ।

ਨੋਟ—ਮਿਸ਼ਰੇ ਦੇ ਕੋਸ਼ਕਾਰ ਮੇ ਪ੍ਰਾਣ ਪਤਿ ਦਾ ਵਾਚਕ ਜੀਵ ਭੀ ਅਰ ਵਾਹਿਗੁਰੂ ਹੈ ਜਿਸ ਗੁਰਮੁਖ ਸਮਝਦੇ ਹਨ ਤਾਂ ਫਿਰ ਕਿਆ ਜਾਪਣਾ ਜੋ (ਸੋਂਧੇ) ਸੇ, ਤੋਂ, ਤੂੰ, ਮੈਂ, ਇਸ ਛੰਦ ਦਾ ਨਾਮ ਸ੍ਰੀ ਛੰਦ ਹੈ ਐਸਾ ਜਾਣਕੇ ਵਾਹਗੁਰੂ ਵਿਚ (ਲਿਵ) ਪ੍ਰੀਤੀ ਲਗਾਣੀ, (ਗੁਰ ਸਿਖ ਸੰਧਿ ਮਿਲੇ) ਇਹ ਆਠ ਅਛਰ ਪ੍ਰਗਟੇ ਲਗ ਚੁਕੇ ਹਨ ॥

ਦਰਪਨ ਦਰਸ ਔ ਜੰਤ੍ਰ ਧੁਨਿ ਜੰਤ੍ਰੀ ਬਿਧ
ਓਤ ਪੋਤ ਸੂਤ ਏਕੈ ਦੁਬਿਧਾ ਮਿਟਾਈ ਹੈ॥੧੩॥੪੩॥

ਜੈਸੇ (ਦਰਪਨ) ਸ਼ੀਸ਼ੇ ਵਿਚ (ਦਰਸ) ਦਰਸ਼ਨ ਹੁੰਦਾ ਹੈ ਭਾਵ ਸ਼ੀਸ਼ੇ ਵਿਚ ਸਨਮੁਖ ਦਾ ਛਾਯਾ ਹੁੰਦਾ ਹੈ ਅਤੇ ਓਹ ਦਰਸਨ ਮੁਖ ਦਾ ਪ੍ਰਤਿਬਿੰਬ ਸ਼ੀਸ਼ੇ ਵਿਚ ਜਾਪਦਾ ਹੈ ਭਾਵ ਜੈਸੇ ਅਲੱਗ ਭੀ ਹੁੰਦਾ ਹੈ ਤੇ ਵਾਸਤਵ ਵਿਚਾਰੀਏ ਤਾਂ ਮੁਖ ਦਾ ਛਾਯਾ ਸ਼ੀਸ਼ੇ ਦੇ ਵਿਚ ਹੀ ਹੁੰਦਾ ਹੈ ਇਸੀ ਤਰਾਂ ਵਾਹਿਗੁਰੂ ਸਾਰਿਆਂ ਵਿਚ ਮਿਲਿਆ ਭੀ ਹੋਇਆ ਹੈ ਅਤੇ ਅਲਗ ਭੀ ਹੈ। ਹੋਰ ਦ੍ਰਿਸ਼ਟਾਂਤ ਜੈਸੇ (ਜੰਤ੍ਰ) ਵਾਜਾ ਵਜਾਕੇ ਰਾਗ ਵਜੀਦਾ ਸਰੂਪਹੀ ਹੁੰਦਾ ਹੈ ਭਾਵ ਵਾਜੇ ਦੀ ਧੁਨੀ ਬਾਹਰਲੀ ਦੇ ਨਾਲ ਵੀਣ ਦੀ ਸੁਰ ਆਵਾਜ਼ ਮਿਲੀ ਹੋਈ ਹੁੰਦੀ ਹੈ ਕੁਝ ਵਖਰੀ ਨਹੀਂ ਜਾਪਦੀ ਅਤੇ (ਜੰਤ੍ਰ) ਵਾਲਾ ਰਾਗੀ ਦੀ ਸੁਰ ਨਾਲ ਮਿਲਿਆ ਹੁੰਦਾ ਹੈ ਇਸੀ ਤਰਾਂ ਵਾਹਿਗੁਰੂ ਸਾਰਿਆਂ ਨਾਲੋਂ ਅਲਗ ਭੀ ਹੈ ਅਤੇ ਮਿਲਿਆ ਹੋਇਆ ਭੀ ਹੈ ਐਸੇ ਗੁਰਸਿਖਾਂ ਨੇ ਜਾਣ (ਓਤ ਪੋਤ) ਤਾਣੇ ਵਿਚ ਪੇਟਾ ਅਤੇ ਪੇਟੇ ਵਿਚ ਤਾਣਾ ਹੁੰਦਾ ਹੈ ਐਸੇ ਅੰਦਰ ਬਾਹਰ (ਸੂਤ) ਸੂਤ੍ਰ ਦੀ (ਬਿਧ) ਨਿਆਈਂ (ਦੁ ਰੀਤੀ) ਇਕੋ ਹੀ ਜਾਣਿਆ ਅਤੇ ਦੁਬਿਧਾ ਦੂਰ ਕੀਤੀ ॥ ੧੩ ॥ ੪੩ ॥

ਚਰਨ ਸਰਨ ਮਨ ਬਚ ਕ੍ਰਮ ਹ੍ਵੈ ਇਕਤ੍ਰ
ਤਨ ਤ੍ਰਿਭਵਨ ਗਤਿ ਅਲਖ ਲਖਾਈ ਹੈ ॥

ਜਿਨਾਂ ਗੁਰਮੁਖਾਂ ਨੇ ਗੁਰਾਂ ਦੇ ਚਰਨਾਂ ਦੀ ਸਰਨ ਲਈ ਹੈ ਉਹਨਾਂ ਦਾ ਮਨ, (ਬਚ) ਬਾਣੀ ਕ੍ਰਮ ਸਰੀਰ (ਹ੍ਵੈ ਇਕਤ੍ਰ) ਵਸ ਹੋਗਏ ਹੈ ਅਤੇ (ਤ੍ਰਿਭਵਨ) ਤਿੰਨਾਂ ਲੋਕਾਂ ਵਿਚ ਜੋ (ਗਤਿ) ਵਿਆਪਕ ਹੈ ਵਾਹਿਗੁਰੂ, ਉਸ ਦੀ ਵਾਰਤਾ ਉਹਨਾਂ ਗੁਰਮੁਖਾਂ ਦੇ ਸਰੀਰ ਵਿਚ (ਲਖਾਈ) ਵੇਖਣ ਵਿਚ ਆਈ ਹੈ ਅਰਥਾਤ ਜੋ (ਅਲਖ) ਗੁਰੂ ਹੈ, ਉਹਨਾਂ ਨੇ ਗੁਰਮੁਖਾਂ ਨੂੰ ਵਾਹਿਗੁਰੂ ਦੀ ਚੇਤਨ ਸੱਤਾ ਸਰੀਰ ਵਿਚ (ਲਖਾਈ) ਦਸੀ ਕਿ ਹਰ ਤਿੰਨਾਂ ਭਵਨਾਂ ਵਿਚ ਵਿਆਪਕ ਹੈ—

ਤ੍ਰਿ ਦੇਹੀ ਕਰ ਕੋਸਨ ਜਾਈ। ਸਰਬ ਨਿਵਾਸੀ ਸਦਾ ਅਲੇਪਾ ਸੋਈ ਸੇਵਿ

ਸਮਾਣੀ । ਸੁਧਾ ਮਧਿ ਜਿਉ ਸਾਰ ਬਸਤੁ ਹੈ ਸੁਖਦ ਸਾਧਿ ਭੇਸ ਛਾਣੀ ।
(ਕਾਨੜਾ ਗੁਰੂ ੯॥)

ਮਨ ਬਚ ਕਰਮ ਕਰਮ ਮਨ ਬਚਨ ਹੈ
ਬਚਨ ਕਰਮ ਮਨ ਉਨਮਨੀ ਛਾਈ ਹੈ ॥

ਜੱਤੇ ਗੁਰਮੁਖਾਂ ਦਾ ਮਨ ਬਾਣੀ ਸਰੀਰ ਵਸ ਹੋਯਾ ਅਤੇ ਬ੍ਰਿਤੀ (ਉਨਮਨੀ) ਤੁਰੀਆ ਪਦ ਵਿਚ ਛਾਈ, ਤਿੰਨ ਵਾਰੀ ਮਨ ਬਚ ਕ੍ਰਮ ਦਾ ਅਰਥ ਇਕੋ ਹੀ ਹੈ ਜੇਕਰ ਵਖਰਾ ਕਰਨਾ ਹੋਵੇ ਤਾਂ ਐਉਂ ਭੀ ਕਰਦੇ ਹਨ ਭਾਵ ਕਿ ਮਨ ਬਾਣੀ ਸਰੀਰ ਦੇ (ਬਚਨ) ਬਚਾਉਣ ਰਖਿਆ ਕਰਨ ਵਾਲੇ ਜੋ ਸੁਭ ਕਰਮ ਸੀ ਜਦ ਉਹ ਗੁਰਮੁਖਾਂ ਨੇ (ਮਨ) ਮੰਨਣ ਕੀਤੇ (ਮੰਨੇ) ਤਾਂ ਇਸੀ ਵਾਸਤੇ ਗੁਰਮੁਖਾਂ ਦੇ ਤਿੰਨੇ ਮਨ ਬਾਣੀ ਸਰੀਰ ਵਸ ਹੋਏ ਅਤੇ ਆਪ ਭੀ ਵਾਹਗੁਰੂ ਵਿਚ ਇਸਥਿਤ ਹੋਏ ਅਤੇ ਬ੍ਰਿਤੀ ਭੀ ਤੁਰੀਆ ਪਦ ਵਿਚ ਇਸਥਿਤ ਹੋ ਗਈ ਅਰ ਯੋਗੀ ਨੇ ਪ੍ਰਸ਼ਨ ਕੀਤਾ ਕਿ ਆਪਨੇ ਗੁਰਮੁਖਾਂ ਦੀ ਬ੍ਰਿਤੀ ਤਾਂ ਤੁਰੀਆ ਪਦ ਵਿਚ ਇਸਥਿਤ ਕਰਦਿਤੀ ਪਰ ਉਹ ਕੈਸੇ ਜਿਨਾਂ ਚਿਰ ਸ਼ਰਾਬ ਦਾ ਪਿਆਲਾ ਨਾ ਪਾਨ ਕਰੀਏ ਤਾਂ ਉਤਨਾਂ ਚਿਰ ਬ੍ਰਿਤੀ ਤੁਰੀਆ ਪਦ ਵਿਚ ਲਗਦੀ ਨਹੀਂ ਹੈ ਪਰ ਆਪਨੇ ਇਹ ਕੈਸੇ ਕਹ ਦਿਤਾ । ਸੋ ਆਖਦੇ ਹਨ ਗੁਰ ਘਰ ਵਿਚ ਸ਼ਰਾਬ ਪੀਣੀ ਮਨਾਹ ਹੈ ਜੱਤੇ ਗੁਰਮੁਖ ਜੇਹ ਸ਼ਰਾਬ ਦਾ ਪਿਆਲਾ ਪੀਕੇ ਤੁਰੀਆ ਪਦ ਵਿਚ ਇਸਥਿਤ ਹੋਏ ਅਤੇ ਬ੍ਰਿਤੀ ਨੂੰ ਇਸਥਿਤ ਕੀਤਾ ।

ਨੋਟ—ਇਸ ਅਗਲੀ ਪੰਗਤੀ ਦਾ ਗੁਰ ਪਦ ਪਹਿਲੇ ਨਾਲ ਜੁੜਾ ਹੈ ।

ਗਿਆਨੀ ਧਿਆਨੀ ਕਰਨੀ ਜਿਉ ਗੁੜ ਮਹੂਆ ਕਮਾਦ
ਨਿਝਰ ਅਪਾਰ ਧਾਰ ਭਾਠੀ ਕੈ ਚੁਆਈ ਹੈ ॥

ਗੁਰਮੁਖ ਸ਼ਰਾਬ ਦਾ ਪਿਆਲਾ ਕੇਹੜਾ ਪੀ ਕੇ ਮਸਤ ਹੋਏ ਹਨ ਸੋ ਆਖਦੇ ਹਨ ਕਿ ਗਿਆਨ ਦੀ ਕਰਨੀ ਕਮਾਦ ਹੈ ਅਤੇ ਧਿਆਨ ਦੀ ਕਰਨੀ (ਮਹੂਆ) ਮਹੂਏ ਦਾ ਫੁਲ ਹੈ ਵਾ ਗਿਆਨ ਧਿਆਨ ਮਹੂਆ ਕਮਾਦ ਹੈ ਅਤੇ (ਕਰਨੀ) ਸ਼ੁਭ ਕ੍ਰਿਆ ਆਦਿਕ ਹੋਰ ਹਨ ॥

ਕਬੀਰ ਜੀ ਰਾਮਕਲੀ

ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ ॥ ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ ॥੧॥ ਅਉਧੂ ਮੇਰਾ ਮਨੁ ਮਤਵਾਰਾ ॥ ਉਨਮਦ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ ॥੧॥ ਰਹਾਉ ॥ ਦੁਇ ਪੁਰ ਜੋਰਿ ਰਸਾਈ ਭਾਠੀ ਪੀਉ ਮਹਾ ਰਸੁ ਭਾਰੀ (

ਭ੍ਰਮੁ ਦੁਹੇਲੀਏ ਸਕੇਤਾ ਛੁਹਿ ਗਈ ਸੋਆਰੋ ॥ ੭॥ ਪ੍ਰਕਾਰ ਪਰੀਆ ਇਨਕ
ਗੁਰ ਕੀਮਿਤ ਸਤਿਗੁਰ ਕੋ ਸੁਧਿ ਪਾਈ ਦਾਸੁ ਕਬੀਰ ਪ੍ਰਾਪੁ ਮਦ ਮਤਾ ਉਕਸਿ
ਨ ਕਬਹੂ ਜਾਈ ॥੬॥੩॥

ਪੁਨਾ ਕਬੀਰ ਜੀ ਰਾਮਕਲੀ

ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ ।
ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ ॥ ੧ ॥ ਕੋਈ ਹੈ
ਰੇ ਸੰਤੁ ਸਹਜ ਸੁਖ ਅੰਤਰਿ ਜਾ ਕਉ ਜਪੁ ਤਪੁ ਦੇਉ ਦਲਾਲੀ ਰੇ । ਏਕ ਬੂੰਦ
ਭਰਿ ਤਨੁ ਮਨੁ ਦੇਵਉ ਜੋ ਮਦੁ ਦੇਇ ਕਲਾਲੀ ਰੇ ॥ ੧ ॥ ਰਹਾਉ ॥ ਭਵਨ
ਚਤੁਰ ਦਸ ਭਾਠੀ ਕੀਨੀ ਬ੍ਰਹਮ ਅਗਨਿ ਤਨਿ ਜਾਰੀ ਰੇ । ਮੁਦ੍ਰਾ ਮਦਕ
ਸਹਜ ਧੁਨਿ ਲਾਗੀ ਸੁਖਮਨ ਪੋਚਨ ਹਾਰੀ ਰੇ ॥ ੨ ॥ ਤੀਰਥ ਬਰਤ
ਨੇਮ ਸੁਚਿ ਸੰਜਮ ਰਵਿ ਸਸਿ ਗਹਨੈ ਦੇਉ ਰੇ । ਸੁਰਤਿ ਪਿਆਲ ਸੁਧਾ ਰਸੁ
ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ ॥੩॥ ਨਿਝਰ ਧਾਰ ਚੁਐ ਅਤਿ ਨਿਰਮਲ ਇਹ
ਰਸ ਮਨੂਆ ਰਾਤੋ ਰੇ । ਕਹਿ ਕਬੀਰ ਸਗਲੇ ਮਦ ਛੂਛੇ ਇਹੈ ਮਹਾ ਰਸੁ ਸਾਚੋ ਰੇ ॥

(ਨਿਝਰ) ਇਕ ਰਸ ਧਾਰ (ਅਪਾਰ) ਭੂਹਾ ਨੰਦ ਵਾਹਿਗੁਰੂ ਦੀ
ਆਤਮ ਰਸਿਤੇ) ਬੁਧੀ ਵਿਚ ਚੋ ਆਈ ਹੈ ਜਿਹੇ ਹੀ ਉਨਹਾਂ ਦੀ ਛਾਤੀ ਕਟੀਦੀ
ਹੈ (ਗੁਰ) ਇਹ ਤੇ ਅਖਰ ਪਿਛੇ ਲਗ ਚੁਕੇ ਹਨ ਭਾਵ ਵਾਹਿਗੁਰੂ ਦੇ ਨਾਮ ਦੀ
ਧਾਰਾ ਦਾ ਅਨੰਦ ਇਕ ਰਸ ਗੁਰਮੁਖਾਂ ਦੀ ਬੁਧੀ ਵਿਚ ਆਇਆ ਹੈ ॥

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਪੂਰਨ ਹ੍ਵੈ
ਗੁਰਮੁਖਿ ਸੰਧਿ ਮਿਲੇ ਸਹਜਿ ਸਮਾਣੀ ਹੈ ॥੧੪॥੪੮॥

(ਪ੍ਰੇਮ ਰਸ) ਪ੍ਰੇਮ ਕਰਕੇ ਵਾਹਿਗੁਰੂ ਦਾ ਅਨੰਦ ਲਿਆ ਜਿਹੇ ਹੀ ਅੰਮ੍ਰਿਤ
ਦਾ (ਨਿਧਾਨ) ਸਮੁਦ੍ਰ (ਪਾਨ) ਪੀ ਕੇ ਪੂਰਨ ਮਸਤ ਹੋਏ ਪਰ ਆਪ ਆਖਦੇ
ਹਨ ਕਿ ਇਹ ਹਰ ਇਕ ਨੇ ਅਨੰਦ ਨਹੀਂ ਲਿਆ ਹੈ ਕੋ ਜੇਹੜੇ ਗੁਰਮੁਖ ਗੁਰਾ
ਦੀ ਸਿਖਿਆ ਦੀ (ਸੰਧਿ) ਮਿਲੌਣੀ ਨਾਲ ਮਿਲੇ ਹਨ ਓਹ ਆਪ (ਸਹਜ) ਵਾਹ
ਗੁਰੂ ਵਿਚ ਅਭੇਦ ਹੋਏ ਹਨ ਤਾਂ ਉਨਹਾਂ ਦੀ (ਸਹਜ) ਰਤੀ ਵਿਚ ਸਮਾਣੀ
ਹੋਈ ਹੈ ॥੧੪॥੪੮॥

ਬਿਬਿਧ ਬਿਰਖ ਬਲੀ ਫਲ ਫੂਲ ਮੂਲ ਸਾਖਾ
ਰਚਨ ਚਰਿਤ੍ਰ ਚਿਤ੍ਰ ਅਨਿਕ ਪ੍ਰਕਾਰ ਹੈ ॥

ਆਪ ਆਖਦੇ ਹਨ ਕਿ ਗੁਰਮੁਖ ਵਾਹਿਗੁਰੂ ਦਾ ਅਨੰਦ ਲੈਕੇ ਪੂਰਨ
ਮਸਤ ਹੋਏ ਜੋ ਉਨਹਾਂ ਦੀ ਇਕਰਤੀ ਬੱਝੀ ਹੈ ਸੋ ਆਖਦੇ ਹਨ ਕਿ ਸਾਰੀ ਸ੍ਰਿਸ਼ਟੀ ਹੈ
ਜਿਸ ਪਰ ਨਿਰੰਕਾਰ ਜਿਵੇਂ ਕਹੁ ਕਿ ਵਾਹਿਗੁਰੂ ਦੇ ਜੋ [illegible] ਦੀ (ਰਚਨ)

ਕੌਤਕ ਚ ਤੁਅਸਾ ਤ੍ਰਿਭੂਨਾਥੀ ਰੂਪਕ ਹੋਇਆ ਹੋਇਆ ਹੈ ਇਹ ਆਨੰਦ ਹੀ ਹੈ ਤਰਾਂ ਦਾ ਹੈ ਜੋ ਉਹ ਦਸ ਸੰਦੇਸ਼ਾ ਹੈ ਜਿਸ ਪਰ ਆਖਦੇ ਹਨ ਕਿ ਇਕ ਉਤਪਤ ਪਾਈ ਜਾ ਦਰਸਨ ਕਰਦੇ ਹਾਂ ਉਸ ਵਾਹਿਗੁਰੂ ਦੇ ਬਣਾਏ ਹੋਏ ਨਾਨਾ ਤਰਾਂ ਦੇ ਬ੍ਰਿਛ ਹੋਨ ਅਤੇ ਫੁਲਵਾੜੀਆਂ ਹੋਨ ਅਤੇ ਉਨ੍ਹਾਂ ਦੇ ਫਲ ਹੋਣ ਅਤੇ ਫੁਲ ਹੋਣ ਅਤੇ (ਮੂਲ) ਮੁਢ ਹੋਨ ਅਤੇ (ਸਾਖਾਂ) ਟਾਹਣੀਆਂ ਹੋਨ। ਬਹੁਤ ਤਰਾਂ ਦਾ ਕੌਤਕ ਹੈ ॥

ਬਰਨ ਬਰਨ ਫਲ ਬਹੁ ਬਿਧ ਸ੍ਵਾਦ ਰਸ
ਬਰਨ ਬਰਨ ਫੂਲ ਬਾਸਨਾ ਬਿਥਾਰ ਹੈ ॥

ਉਹ ਬ੍ਰਿਛ ਵੀ ਕਈ ਤਰਾਂ ਦੇ ਹਨ ਅਤੇ ਉਨ੍ਹਾਂ ਦੇ ਫਲ ਵੀ (ਬਰਨ ਬਰਨ) ਰੰਗਾ ਰੰਗਾਂ ਦੇ ਹਨ ਅਤੇ ਉਨ੍ਹਾਂ ਦੇ ਰਸਾਂ ਦਾ ਸਵਾਦ ਵੀ ਬਹੁਤ ਤਰਾਂ ਦਾ ਹੈ ਕੁ ਉਨ੍ਹਾਂ ਫਲਾਂ ਦੇ ਸ੍ਵਾਦ ਦਾ ਰਸ ਵੀ ਬਹੁਤ ਭਾਂਤ ਦਾ ਹੈ ਤੇ ਉਨ੍ਹਾਂ ਬ੍ਰਿਛਾਂ ਦੇ ਫੁਲਾਂ ਦੇ (ਬਰਨ ਬਰਨ) ਦੇ ਫੂਲ ਹੋਨ ਅਤੇ ਨਾਨਾ ਤਰਾਂ ਦੀ (ਬਾਸਨਾ) ਸੁਗੰਧੀ ਦਾ (ਬਿਥਾਰ) ਫੈਲਾਉ ਹੈ ਭਾਵ ਕਿਸੇ ਦੀ ਸੁਗੰਧੀ ਕਿਸੇ ਤਰਾਂ ਦੀ ਹੁੰਦੀ ਹੈ ਤੇ ਕਿਸੇ ਦੀ ਕਿਸੇ ਤਰ੍ਹਾਂ ਦੀ ਹੁੰਦੀ ਹੈ ॥

ਬਰਨ ਬਰਨ ਮੂਲ ਬਰਨ ਬਰਨ ਸਾਖਾ
ਬਰਨ ਬਰਨ ਪਤ੍ਰ ਸਗੁਨ ਅਕਾਰ ਹੈ ॥

ਅਤੇ ਉਹਨਾਂ ਬ੍ਰਿਛਾਂ ਦੇ (ਮੂਲ) ਮੁੱਢ ਵੀ ਰੰਗਾਂ ਰੰਗਾਂ ਦੇ ਹਨ ਬਾਹਰ ਕਈ ਰੰਗਾਂ ਰੰਗਾਂ ਦੇ ਮੁਢ ਹਨ ਅਤੇ ਰੰਗਾਂ ਰੰਗਾਂ ਦੀਆਂ (ਸਾਖਾਂ) ਟਾਹਣੀਆਂ ਹਨ ਅਤੇ ਕਈ ਰੰਗਾਂ ਰੰਗਾਂ ਦੇ ਪਤ੍ਰ ਹਨ ਅਤੇ ਉਹਨਾਂ ਬ੍ਰਿਛਾਂ ਦਾ (ਸਗੁਨ) ਸਹਿਤ ਗੁਣ ਦੇ (ਅਕਾਰ) ਰਬ ਹੈ ਭਾਵ ਤਸੀਰ ਉਹਨਾਂ ਦੀ ਤਰਾਂ ਤਰਾਂ ਦੀ ਹੈ ਜਿਵੇਂ ਨਿੰਮ ਦੇ ਪਤੇ ਦੀ ਹੋਰ ਤਸੀਰ ਹੈ ਅਤੇ ਅਕ ਅੰਬ ਦੀ ਹੋਰ ਤਸੀਰ ਹੈ ਐਸੇ ਹੀ ਉਹਨਾਂ ਦੀ ਆਪੋ ਵਿਚ ਦੀ ਤਸੀਰ ਨਹੀਂ ਮਿਲਦੀ ॥

ਬਿਬਿਧਿ ਬਨਾਸਪਤਿ ਅੰਤਰਿ ਅਗਨਿ ਜੈਸੇ
ਸਕਲ ਸੰਸਾਰ ਬਿਖੈ ਏਕੈ ਏਕੰਕਾਰ ਹੈ ॥੧੫॥੪੯੮

ਗੁਰੂ ਆਪ ਕਥਨ ਕਰਦੇ ਹਨ ਕਿ ਜਾਵੇ ਬਨਾਸਪਤੀ ਭਾਂਤ ਦੀ ਹੈ ਪਰ ਬ੍ਰਿਛ ਕਈ ਤਰਾਂ ਦੇ ਹਨ ਪਰ ਸਾਰਿਆਂ ਦੇ ਅੰਦਰ ਅਗਨੀ ਇਕੋ ਜੇਹੀ ਹੈ ਜੋ ਆਪਣਾ ਇਕ ਅਗਨੀ ਇਕ ਜੈਸੀ ਹੈ ਇਸੀ ਤਰਾਂ ਸਾਰੇ ਸੰਸਾਰ ਵਿਚ ਇਕੋ ਵਾਹਿਗੁਰੂ ਹੈ ਐਸੇ ਗੁਰਮੁਖਾਂ ਨੇ ਇਕ ਹੀ ਜਾਣਿਆ ਹੈ ਕਿਸ ਵਾਸਤੇ ਉਹਨਾਂ ਦੀ ਪੂਰਨ ਸਮ ਦ੍ਰਿਸ਼ਟੀ ਹੈ ਭਾਵ ਗੁਰਮੁਖਾਂ ਦੀ ਸਮ ਦ੍ਰਿਸ਼ਟੀ

ਜੇਹੜੇ ਹੀ ਹੈਂ ਜੋ (ਏਕੰਕਾਰ) ਵਾਹਿਗੁਰੂ ਸਾਰਿਆਂ ਵਿਚ ਇਕੋ ਹੀ ਜਾਣਦੇ ਹਨ ॥

ਆਸਾ ਮਹਲਾ ੧

ਬੁਰਾ ਭਲਾ ਕਹੁ ਕਿਸਨੋ ਕਹੀਐ। ਦੀਸੈ ਬ੍ਰਹਮ ਗੁਰਮੁਖ ਸਚੁ ਲਹੀਐ॥ ੫॥

ਗੁਰੂ ਸਿਖ ਸੰਧਿ ਮਿਲੇ ਦ੍ਰਿਸਟਿ ਦਰਸ ਲਿਵ
ਗੁਰਮੁਖਿ ਬ੍ਰਹਮ ਗ੍ਯਾਨ ਸਾਧ ਲਿਵ ਲਾਈ ਹੈ ॥

ਅਬ ਜਗਿਆਸੂ ਆਖਦਾ ਹੈ ਕਿ ਆਪਨੇ ਬਾਹਰ ਦੀ ਦ੍ਰਿਸਟੀ ਗੁਰਮੁਖਾਂ ਦੀ ਦਸੀ ਪਰ ਅੰਤ੍ਰੀਵ ਦ੍ਰਿਸਟੀ ਭੀ ਕਹੋ ਨਾਲੇ ਉਹ ਅੰਤ੍ਰੀਵ ਦ੍ਰਿਸਟੀ ਕਿਥੇ ਲਗੀ ਰਹਿੰਦੀ ਹੈ ਤਿਸ ਪਰ ਕਹਿੰਦੇ ਹਨ ਆਪ ਆਖਦੇ ਹਨ ਕਿ ਜੇਹੜੇ ਗੁਰਮੁਖ ਗੁਰਾਂ ਦੀ (ਸਿਖ) ਸਿਖਿਆ ਦੀ (ਸੰਧਿ) ਮਿਲੌਨੀ ਨਾਲ ਮਿਲੇ ਹਨ ਉਨਾਂ ਗੁਰਮੁਖਾਂ ਦੀ ਦ੍ਰਿਸਟੀ ਕਰਕੇ † (ਲਿਵ) ਪ੍ਰੀਤੀ ਗੁਰਾਂ ਦੇ (ਦਰਸ) ਦਰਸ਼ਨ ਵਿਚ ਮਿਲੀ ਰਹਿੰਦੀ ਹੈ ਅਤੇ (ਲਿਵ) ਚਿਤ ਬ੍ਰਿਤੀ ਨੂੰ (ਸਾਧ) ਸਿਧ ਕਰੇ (ਜਾਂ ਰੋਕ ਕੇ) (ਬ੍ਰਹਮ) ਵਾਹਿਗੁਰੂ ਦੇ (ਗਿਆਨ) ਜਾਨਣ ਵਿਚ ਲਾ ਛਡੀ ਹੈ ॥

ਗੁਰ ਸਿਖ ਸੰਧਿ ਮਿਲੇ ਸਬਦ ਸੁਰਤ ਲਿਵ
ਗੁਰਮੁਖ ਬ੍ਰਹਮ ਗ੍ਯਾਨ ਧ੍ਯਾਨ ਸੁਧ ਪਾਈ ਹੈ ।

ਫਿਰ ਆਪ ਆਖਦੇ ਹਨ ਕਿ ਜੇਹੜੇ ਗੁਰਮੁਖ ਗੁਰਾਂ ਦੀ ਸਿਖਿਆ ਦੀ (ਸੰਧਿ) ਮਿਲੌਨੀ ਨਾਲ ਮਿਲੇ ਹਨ ਓਹ (ਸਬਦ) ਸ਼ਬਦ ਕੀਰਤਨ ਰਾਗ ਦੀ (ਸੁਰਤਿ) ਕੰਨਾਂ ਦੁਆਰੇ (ਲਿਵ) ਪ੍ਰੀਤੀ ਕਰਕੇ ਸੁਣਦੇ ਹਨ ਭਾਵ ਓਹ ਗੁਰਾਂ ਦੇ ਸਬਦ ਦਾ ਕੀਰਤਨ ਕੰਨ ਲਾ ਕੇ ਸੁਣਦੇ ਹਨ ਅਤੇ ਉਸ ਵਿਚ ਪ੍ਰੀਤੀ ਕਰਦੇ ਹਨ ਇਸੀ ਵਾਸਤੇ ਉਹਨਾਂ ਗੁਰਮੁਖਾਂ ਨੂੰ (ਬ੍ਰਹਮ) ਵਾਹਿਗੁਰੂ ਦੇ ਗਿਆਨ ਧਿਆਨ ਦੀ (ਸੁਧ) ਖਬਰ ਵਾ ਅੰਤ੍ਰਯਾਮਤਾ ਪੈ ਗਈ ਹੈ ॥

ਗੁਰੂ ਸਿਖ ਸੰਧ ਮਿਲੇ ਸ੍ਵਾਮੀ ਸੇਵ ਸੇਵਕ ਹ੍ਵੈ
ਗੁਰਮੁਖ ਨਿਹਕਾਮ ਕਰਣੀ ਕਮਾਈ ਹੈ ॥

ਜਿਨਾਂ ਗੁਰਮੁਖਾਂ ਨੇ ਗੁਰਾਂ ਦੀ ਸਿਖਿਆ ਲੈ ਕੇ ਅਤੇ ਨਿਸ਼ਕਾਮ ਕਰਣੀ ਕਮਾਈ ਹੈ ਭਾਵ ਜੇਹੜਾ ਕਰਮ ਕਰਨਾ ਉਸਦੇ ਫਲ ਦੀ ਇਛਾ ਨਾ ਕਰਨੀ ਇਹ ਨਿਸ਼ਕਾਮ ਕਰਨੀ ਕਮਾਉਣੀ ਹੈ ਅਤੇ ਫਿਰ ਓਹੋ ਹੀ ਗੁਰਮੁਖ ਸੇਵਾ ਦੀ

---

† ਪਹਿਲੀ ਲਿਵ ਦਾ ਅਰਥ ਪ੍ਰੀਤੀ ਅਗਲੀ ਲਿਵ ਦਾ ਅਰਥ ਬ੍ਰਿਤੀ ਅਤੇ ਪਹਿਲੇ ਅਰਥ ਗੁਰਮੁਖ ਤੋਂ ਲੀਤਾ ਗਿਆ ਹੈ ਬਲਕਿ ਸਾਰੇ ਕਬਿਤ ਜੋ ਭਾਰੇ ਪਏ ਹਨ ਉਨਾਂ ਦਾ ਅਰਥ ਗੁਰਮੁਖ ਤੇ ਘਟਿਤ ਕਰੀਏ॥

(ਸਿੱਖ) ਸਿੱਖਣੀ ਨਾਲ ਮਿਲੇ ਹਨ ਅਤੇ ਪਹਿਲੇ ਸੇਵਕ ਸੀ ਫਿਰ ਸੁਆਮੀ ਹੋ ਗਏ ਭਾਵ ਕੀ ਜੋ ਗੁਰਾਂ ਦੀ ਸੇਵਾ ਕਰਕੇ ਗੁਰੂ ਰੂਪ ਹੋ ਗਏ ਜੈਸੇ ਗੁਰੂ ਨਾਨਕ ਜੀ ਦੀ ਸੇਵਾ ਕਰਕੇ ਗੁਰੂ ਅੰਗਦ ਜੀ ਗੁਰੂ ਬਨ ਗਏ ਸੋਰਠ ਜਿਥੇ ਅਰਥ ਰਖਨੇ ਹੋਵੇ ਤਾਂ ਇਸ ਤਰਾਂ ਕਿ ਜਿਹੜੇ ਗੁਰਮੁਖ ਗੁਰਾਂ ਦੀ (ਸਿਖਿਆ ਦੀ ਸਿਖਣੀ ਨਾਲ ਮਿਲੇ ਹਨ ਅਤੇ ਨਿਸਕਾਮਤਾ ਕਰਨੀ ਕੀਤੀ ਹੈ ਓਹੋ ਹੀ (ਸੁਆਮੀ) ਗੁਰੂ ਦੀ *ਸੇਵਾ ਕਰਨ ਦੇ ਸੇਵਕ ਹੋਏ ਪਰ ਪਹਿਲਾ ਅਰਥ ਠੀਕ ਹੈ ਕਿਉਂਕਿ ਸਿਖ ਕਰਕੇ ਉੱਚ ਪਦਵੀ ਪਾਉਣੀ ਚਾਹੀਦੀ ਸੀ ਸੋ ਤਿਨ੍ਹਾਂ ਨੇ ਪਾ ਲਈ ਜੋ ਗੁਰੂ ਰੂਪ ਹੋ ਗਏ।

ਗੁਰ ਸਿਖ ਸੰਧ ਮਿਲੇ ਕਰਨੀ ਸੁ ਗਿਆਨ ਧਿਆਨ
ਗੁਰਮੁਖਿ ਪ੍ਰੇਮ ਨੇਮ ਸਹਜ ਸਮਾਈ ਹੈ ॥੧੯॥ ੫੦॥

ਜਿਹੜੇ ਗੁਰਮੁਖ ਗੁਰਾਂ ਦੀ ਸਿਖਿਆ ਦੀ (ਸੰਧਿ) ਮਿਲੌਨੀ ਨਾਲ ਮਿਲੇ ਹਨ ਉਨ੍ਹਾਂ ਦੀ ਕਰਨੀ ਗਿਆਨ ਧਿਆਨ ਵਾਲੀ ਹੈ ਅਤੇ ਓਹ ਪ੍ਰੇਮ ਨੇਮ ਵਿਚ ਸਮਾਏ ਰਹਿੰਦੇ ਹਨ ਵਾ ਉਨ੍ਹਾਂ ਦੀ ਬ੍ਰਿਤੀ ਪ੍ਰੇਮ ਨੇਮ ਕਰਕੇ (ਸਹਜ) ਸਾਂਤੀ ਪਦ ਵਾਹਿਗੁਰੂ ਵਿਚ ਸਮਾਈ ਰਹਿੰਦੀ ਹੈ ॥੧੯॥ ੫੦ ॥

ਗੁਰਮੁਖਿ ਸੰਧ ਮਿਲਿ ਬ੍ਰਹਮ †ਗਿਆਨ ਲਿਵ
ਏਕੰਕਾਰ ਕੈ ਅਕਾਰ ਅਨਿਕ ਪ੍ਰਕਾਰ ਹੈ ॥

ਅਬ ਆਪ ਇਸ ਪ੍ਰਸੰਗ ਉਤੇ ਵਰਨਨ ਕਰਦੇ ਹੈਨ ਜੋ ਗੁਰਾਂ ਦੀ ਸਿਖਿਆ ਲੈਕੇ ਗੁਰਾਂ ਨਾਲ ਮਿਲੇ ਓਹ ਗੁਰਮੁਖ ਤਾਂ ਗੁਰੂ ਰੂਪ ਹੋ ਗਏ ਪਰ ਅੱਗੇ ਵੀ ਓਹ ਗੁਰਮੁਖ ਗੁਰੂ ਰੂਪ ਕਰ ਸਕੇ ਵਾ ਨਹੀਂ ਤਾਂ ਤੇ ਆਖਦੇ ਹਨ ਸੰਪ੍ਰਦਾ ਪ੍ਰਚਲਤ ਰਹੀ। ਭਾਵ ਓਹ ਗੁਰਮੁਖ ਵੀ ਅੱਗੇ ਗੁਰੂ ਰੂਪ ਕਰਦੇ ਰਹੇ। ਸੋ ਇਸ ਪ੍ਰਕਰਣ ਨੂੰ ਆਪ ਸ਼ੁਰੂ ਕਰਦੇ ਹੈਨ ਅਥਵਾ ਜੋ ਗੁਰਾਂ ਨਾਲ ਗੁਰਮੁਖ ਮਿਲੇ ਓਹ ਤਾਂ ਗੁਰਾਂ ਜਿਹੇ ਹੋ ਗਏ ਪਰ ਜੋ ਅੱਗੇ ਗੁਰਮੁਖਾਂ ਨਾਲ "ਜਗਤ ਦੇ ਲੋਕੀ ਮਿਲੇ ਭਾਵ ਜੋ ਫਿਰ ਗੁਰਮੁਖ ਮਿਲੇ ਉਨ੍ਹਾਂ ਵਿਚ ਕੁਝ ਨਯੂਨਤਾਈ ਪੈਗਈ ਹੋਵੇਗੀ ਭਾਵ ਜੋ ਵਧ ਘਟ ਕਰਾਮਾਤ ਵਾ ਜੋਤ, ਸ਼ਕਤੀ ਰੱਖਣੀ ਹੋਵੇਗੀ ਤਾਂ ਤੇ ਆਪ ਆਖਦੇ ਹਨ ਨਹੀਂ ਜੋ ਗੁਰਮੁਖਾਂ ਨਾਲ ਵੀ ਗੁਰਮੁਖ ਮਿਲੇ ਹਨ ਓਹ ਵੀ ਵੈਸੇ ਹੀ ਹੋ ਗਏ ਉਨ੍ਹਾਂ ਵਿਚ ਕੁਝ ਭਿੰਨ ਭੇਦ ਨਾ ਰਹਿਆ ਇਸ ਪਰ ਆਪ ਆਖਦੇ ਹਨ" ਜਿਹੜੇ ਸਧਾਰਨ ਗੁਰਮੁਖਾਂ ਦੀ (ਸੰਧ) ਮਿਲੌਨੀ ਨਾਲ ਮਿਲੇ ਹੈਨ ਉਨ੍ਹਾਂ

*ਇਹ ਪਦ ਕਈ ਸਰਬਾ ਨਹੀਂ ਛੀ ਹੁੰਦਾ ਪਰ ਚਾਹੀਦਾ ਹੈ ਕਿਉਂਕਿ ੧੬ ਅੱਖਰਾਂ ਤੇ ਬਿਸ੍ਰਾਮ ਹੋਂਦਾ ਹੈ ਚਾਹੀਏ ੧੬ ਉਤੇ।

†ਇਸ ਤੁਕ ਵਿਚ ਦੋ ਅੱਖਰ [illegible] "[illegible]" ਹੋਰ ਚਾਹੀਦਾ ਹੈ।

ਜੀ ਇਹ ਕਰਨੀ ਹੈ, ਸੋ ਵੇਰਵੀ ਹੈ। ਤਿਸ ਪਰ ਆਪ ਆਖਦੇ ਹੈਨ ਕਿ ਜੋ (ਏਕੰਕਾਰ) ਇਕ ਅਕਾਰ ਤੇ ਰਹਿਤ ਰੂਪ ਵਾਹਿਗੁਰੂ ਹੈ (ਬ੍ਰਹਮ) ਜਾਤਿਆਂ ਵਿਚ "ਵਿਆਪਕ" ਮਿਲਿਆ ਹੋਇਆ ਅਤੇ ਜਿਸਦੇ ਅਨੇਕ ਪ੍ਰਕਾਰ ਦੇ (ਆਕਾਰ) ਜੀਵ ਦਾ ਸਰੂਪ (ਕੇ) ਰਹੇ ਹੋਏ ਹਨ ਉਸਦੇ ਧਯਾਨ ਵਿਚ (ਲਿਵ) ਪ੍ਰੀਤੀ ਉਨ੍ਹਾਂ ਦੀ ਲੱਗੀ ਰਹਿੰਦੀ ਹੈ ਵਾ ਪ੍ਰੀਤੀ ਕਰਕੇ ਧਿਆਨ ਕਰਦੇ ਹੈਨ ਭਾਵ ਜੇਹੜੇ ਗੁਰਮੁਖ ਗੁਰਮੁਖਾਂ ਨਾਲ ਮਿਲੇ ਹਨ ਓਹ ਜਗਤ ਦੇ ਰਚਨ ਵਾਲੇ ਵਾਹਿਗੁਰੂ ਨਾਲ ਪ੍ਰੀਤੀ ਕਰਦੇ ਹੈਨ ਤਾਂਤੇ ਓਹ ਵੀ ਗੁਰਮੁਖ ਗੁਰੂ ਪ੍ਰਮੇਸ਼ਰ ਦਾ ਰੂਪ ਹੀ ਹੋਗਏ ਕੋਈ ਭਿੰਨ ਭੇਦ ਨਾ ਰਿਹਾ ॥

ਗੁਰਮੁਖਿ ਸੰਧਿ ਮਿਲੇ ਬ੍ਰਹਮ ਧਿਆਨ ਲਿਵ
ਨਿਰੰਕਾਰ ਓਅੰਕਾਰ ਬਿਬਿਧ ਬਿਥਾਰ ਹੈ ॥

ਫਿਰ ਆਪ ਆਖਦੇ ਹਨ ਕਿ ਜੇਹੜੇ ਗੁਰਮੁਖ ਗੁਰਾਂ ਦੀ (ਸੰਧਿ) ਮਿਲੌਨੀ ਨਾਲ ਮਿਲੇ ਹਨ ਉਨ੍ਹਾਂ ਦੀ ਏਹ ਕਰਨੀ ਹੈ ਕਿ (ਨਿਰੰਕਾਰ) ਨਿਰਗੁਨ ਬਿਨਾਂ ਅਕਾਰ ਤੋਂ ਜੋ ਵਾਹਗੁਰੂ ਹੈ ਅਤੇ (ਓਅੰਕਾਰ) ਸਰਗੁਨ ਜੋ ਸਹਿਤ ਅਕਾਰ ਦੇ ਹੈ ਔਰ ਦੁਹਾਂ ਵਿਚ ਜੋ (ਬ੍ਰਹਮ) ਪ੍ਰਮਾਤਮਾ ਵਿਆਪਕ ਹੈ ਜੈਸੇ ਸਮੁੰਦ੍ਰ ਨਦੀਆਂ ਦੇ ਜਲ ਵਿਚ ਵੀ ਅਤੇ ਬਰਫ ਦੇ ਜਲ ਵਿਚ ਵੀ ਵਿਆਪਕ ਹੈ ਭਾਵ ਏਹ ਕਿ ਨਿਰਗੁਨ ਸਰਗੁਨ (ਬ੍ਰਹਮ) ਵਾਹਿਗੁਰੂ ਬਿਆਪਕ ਜੋ ਹੈ ਜਿਸਦਾ (ਬਿਬਿਧ) ਨਾਨਾ ਤਰਾਂ ਦਾ (ਬਿਥਾਰ) ਫੈਲਾਉ ਹੈ ਉਸਦੇ (ਧਯਾਨ) ਜਾਨਣ ਵਿਚ (ਲਿਵ) ਪ੍ਰੀਤੀ ਉਨ੍ਹਾਂ ਗੁਰਮੁਖਾਂ ਦੀ ਲੱਗੀ ਰਹਿੰਦੀ ਹੈ ਭਾਵ ਜੇਹੜੇ ਗੁਰਮੁਖ ਗੁਰਮੁਖਾਂ ਨਾਲ ਮਿਲੇ ਹਨ ਓਹ ਨਿਰਗੁਨ ਸਰਗੁਨ ਵਾਹਿਗੁਰੂ ਜਿਸਦਾ ਸਰੂਪ ਵਿਸਮਾਦ ਹੈ (ਬ੍ਰਹਮ) ਮਿਲਿਆ ਹੋਇਆ ਉਸ ਵਿਚ ਪ੍ਰੀਤੀ ਕਰਦੇ ਹੈਨ ਤਾਂਤੇ ਗੁਰੂ ਈਸ਼ਰ ਦਾ ਰੂਪ ਹੀ ਹੋਏ।

ਗੁਰੁ ਸਿਖ ਸੰਧ ਮਿਲੇ ਸ੍ਵਾਮੀ ਸੇਵ ਸੇਵਕ ਹ੍ਵੈ
ਬ੍ਰਹਮ ਬਿਬੇਕ ਪ੍ਰੇਮ ਭਗਤਿ ਅਧਾਰ ਹੈ।

ਜੇਹੜੇ ਗੁਰ ਸਿਖ ਗੁਰ ਸਿਖਾਂ ਦੀ (ਸੰਧ) ਮਿਲੌਨੀ ਵਿਚ ਮਿਲੇ ਸੀ ਉਨ੍ਹਾਂ ਗੁਰ ਸਿਖਾਂ ਵਿਚੋਂ ਜਿਨ੍ਹਾਂ ਗੁਰ ਸਿਖਾਂ ਵਿਚ ਬ੍ਰਹਮ ਦਾ (ਬਿਬੇਕ) ਵਿਚਾਰ ਜੋ ਹੈ ਕੋ ਇਕ ਜੋ ਵਾਹਿਗੁਰੂ ਹੈ ਉਸਦੀ (ਪ੍ਰੇਮਾ ਭਗਤਿ) ਅਤੇ ਭਗਤੀ ਦਾ (ਅਧਾਰ) ਕਰਦੇ ਹੈ ਅਤੇ (ਸੇਵ) ਸੇਵਾ ਦੀ ਮਿਲੌਨੀ ਵਿਚ ਵੀ ਮਿਲੇ ਹਨ ਓਹ ਸੇਵਕ ਸੁਆਮੀ ਰੂਪ ਹੋਗਏ ਭਾਵ ਜੋ ਗੁਰ ਸਿਖ ਗੁਰ ਸਿਖਾਂ ਨਾਲ ਮਿਲੇ ਅਤੇ ਪ੍ਰੇਮਾ ਭਗਤੀ ਕੀਤੀ ਅਤੇ ਵਾਹਗੁਰੂ ਦਾ ਵਿਚਾਰ ਕੀਤਾ ਓਹ ਸੇਵਕ, ਸੇਵਾ

---

† ਇਸ ਤੁਕ ਵਿਚ ਇਕ ਅੱਖਰ ਅਜਾਈਂ ਜਾਨ" ਹੋਣਾ ਚਾਹੀਦਾ ਹੈ

ਕਰਕੇ ਸੁਆਮੀ ਰੂਪ ਹੋ ਗਏ ।

ਗੁਰਮੁਖਿ ਸੰਧਿ ਮਿਲੇ ਪਰਮਦ ਭੂਤ ਗਤਿ
ਨੇਤਿ ਨੇਤਿ ਨੇਤਿ ਨਮੋ ਨਮੋ ਨਮਸਕਾਰ ਹੈ॥ ੧੨੧॥

ਗੁਰ ਫਿਰ ਆਪ ਆਖਦੇ ਹਨ ਕਿ ਜੋ ਪਰੰਪਰਾ ਗੁਰ ਸਿਖਾਂ ਨਾਲ ਗੁਰ ਸਿਖ ਮਿਲਦੇ ਆਉਂਦੇ ਸੀ ਉਨ੍ਹਾਂ ਵਿਚ ਕੁਝ ਫਰਕ ਤਾਂ ਨਾ ਰਿਹਾ ਅਤੇ ਓਹ ਜੋ ਗੁਰ ਸਿਖਾਂ ਦੀ (ਸੰਧ) ਮਿਲੌਣੀ ਨਾਲ ਗੁਰ ਸਿਖ ਮਿਲੇ ਸੀ ਉਨ੍ਹਾਂ ਦੇ ਗੁਰ ਸਿਖਾਂ ਨੂੰ (ਪਰਮਦ ਭੂਤ) ਬਹੁਤ ਅਸਚਰਜ ਵਾਹਿਗੁਰੂ (ਗਤਿ) ਮਿਲਿਆ ਭਾਵ ਕਿ ਗੁਰਾਂ ਨਾਲ ਜੋ ਗੁਰਮੁਖ ਮਿਲੇ ਅਤੇ ਉਹਨਾਂ ਗੁਰਮੁਖਾਂ ਨੂੰ ਜੋ ਗੁਰਮੁਖ ਮਿਲੇ ਅਤੇ ਉਹਨਾਂ ਗੁਰਮੁਖਾਂ ਵਿਚੋਂ ਜਿਨ੍ਹਾਂ ਗੁਰਮੁਖਾਂ ਨੂੰ ਵਾਹਿਗੁਰੂ ਮਿਲਿਆ ਹੈ ਉਹਨਾਂ ਨੂੰ ਸਾਰਾ ਹੀ ਜਗਤ ਮਨ ਬਾਣੀ ਸਰੀਰ ਕਰਕੇ ਤਿੰਨਾਂ ਕਾਲਾਂ ਵਿਚ ਸਦਾ ਸਦਾ ਸਦਾ ਨਮਸਕਾਰ ਕਰ ਰਿਹਾ ਹੈ ਕਿ ਜੋ ਵਾਹਿਗੁਰੂ ਉਹਨਾਂ ਨੂੰ ਮਿਲ ਪਿਆ ਹੈ ਇਸੀ ਵਾਸਤੇ ਉਹਨਾਂ ਨੂੰ [illegible] ਨਮਸਕਾਰ ਕਰ ਰਿਹਾ ਹੈ ॥ ੨੭ ॥ ੫੧ ॥

ਗੁਰਮੁਖ ਮਨ ਬਚ ਕਰਮ ਇਕਤ੍ਰ ਭਏ
ਅੰਗ ਅੰਗ ਬਿਸਮ ਸ੍ਰਬੰਗ ਮੈ ਸਮਾਏ ਹੈਂ ।

ਸਤਗੁਰ ਆਪ ਵਰਨਨ ਕਰਦੇ ਹੋਨ ਕਿ ਉਹਨਾਂ ਗੁਰਮੁਖਾਂ ਨੂੰ ਗੁਰਾਂ ਸੁਆਮੀ ਰੂਪ ਹੀ ਕਰ ਦਿਤਾ ਅਤੇ ਸਾਰੇ ਲੋਕ ਭੀ ਓਨਾਂ ਨੂੰ ਨਮਸਕਾਰਾਂ ਕਰਨ ਲੱਗ ਗਏ ਪਰ ਫਿਰ ਆਪ ਦਸੋ ਓਹ ਕੇਹਜੇ ਸੁਆਮੀ ਬਣੇ ਇਕ ਤਾਂ ਸੁਆਮੀ ਹੁੰਦਾ ਹੈ "ਜਿਉ ਜਲ ਮਹਿ ਜਲੁ ਆਇ ਖਟਾਨਾ । ਤਿਉ ਜੋਤੀ ਸੰਗਿ ਜੋਤਿ ਸਮਾਨਾ" ਦੂਜਾ ਹੁੰਦਾ ਹੈ ਮੂਰਤੀਆਂ ਕਰਕੇ ਦੇ ਦਿਸਣੇ ਪਰ ਵਿਚੋਂ ਦੋਆਂ ਦਾ ਇਕ ਆਸ਼ਾ ਹੋਣਾ ਸੋ ਆਪ ਆਖਦੇ ਹਨ ਕਿ ਜਿਨਹਾਂ ਗੁਰਮੁਖਾਂ ਦੇ ਮਨ(ਬਚ)ਬਾਣੀ (ਕਰਮ) ਸਰੀਰ ਇਕਸਾਰ ਹੋਗਏ ਹੈ ਉਹਨਾਂ ਦੇ ਹੀ ਅੰਗ ਅੰਗ (ਬਿਸਮ) ਅਸਚਰਜ ਭਾਵ ਸਫਲੇ ਹੋਏ ਹਨ ਪਰ ਆਪ ਆਖਦੇ ਹਨ ਸਫਲੇ ਅੰਗ ਕਿਉਂ ਹੋਏ ਕਿ (ਸ੍ਰਬੰਗ) ਸਾਰਿਆਂ ਦਾ ਪਖ ਕਰਨ ਵਾਲਾ ਭਾਵ ਸਾਰਿਆਂ ਦੀ ਮਦਦ ਕਰਨ ਵਾਲਾ [illegible] ਸਾਰਿਆਂ ਨੂੰ ਜੋ ਪਿਆਰਾ ਲਗਦਾ ਹੈ ਵਾਹਿਗੁਰੂ ਉਸਦੇ ਵਿਚ ਓਹ ਸਮਾਏ ਹੋਏ [illegible] ਵਾ ਉਸਦੇ ਆਸਰੇ ਹੋਏ ਹਨ ॥

ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨ ਕੈ ਅਘਾਨ
ਰਸਨਾ ਥਕਤ ਭਈ ਕਹਿਤ ਨ ਆਏ ਹੈਂ ।

ਜੇਹੜਾ ਪ੍ਰੇਮ ਰਸ ਅੰਮ੍ਰਿਤ (ਨਿਧਾਨ) ਖਜ਼ਾਨਾ [illegible] [illegible] [illegible] [illegible]

ਹੈ ਭਾਵ ਜੋ ਪ੍ਰੇਮ ਰੂਪ ਅੰਮ੍ਰਿਤ ਦਾ ਖਜ਼ਾਨਾ ਹੈ ਸਿਆਣਿਆਂ ਕਰਨੇ ਵਾਲਾ ਉਸਨੂੰ ਜਦ (ਪਾਨ) ਪੀਤਾ ਵ ਪੀ ਕਰਕੇ (ਮਦੇਨ) ਮਸਤ ਹੋ ਗਏ ਫਿਰ ਕਿਆ ਹੋਇਆ ਜੋ ਜਗਤ ਦੇ ਝੂਠੇ ਅਨਿਤ ਪਦਾਰਥ ਸਨ ਉਹਨਾਂ ਵਲੋਂ ਰਸਨਾ ਥਕਤ ਹੋ ਗਈ ਭਾਵ ਰਜ ਗਈ। ਭਾਵ ਜਦ ਰਸਨਾਂ ਨੇ ਵਾਹਿਗੁਰੂ ਦੇ ਨਾਮ ਦਾ ਅਨੰਦ ਲਿਆ ਤਾਂ ਜਗਤ ਦੇ ਝੂਠੇ ਪਦਾਰਥਾਂ ਦੇ ਸੁਆਦਾਂ ਵਲੋਂ ਹਟ ਗਈ ਅਤੇ ਮਾਜਾ ਬਚਨ ਜੋ ਬੋਲਦੀ ਸੀ ਓਹ ਭੀ ਛਡ ਦਿਤੇ ਭਾਵ ਨਾਮ ਵਿਚ (ਥਕਤ ਭਈ) ਵਿਸਮਿਤ ਹੋ ਗਈ ਅਤੇ ਉਸਦਾ ਅਨੰਦ ਕਹਨੇ ਵਿਚ ਨਹੀ ਆਉਂਦਾ ਹੈ ਜੇਹੜਾ ਅਨੰਦ ਰਸਨਾਂ ਨੂੰ ਆਯਾ ਹੈ ਇਹ ਰਸਨਾ ਦਾ ਪ੍ਰਸੰਗ ਹੈ ।।

ਜਗ ਮਗ ਪ੍ਰੇਮ ਜੋਤਿ ਅਤਿ ਅਸਚਰਜ ਮੈ
ਲੋਚਨ ਚਕਿਤ ਭਏ ਹੇਰਤ ਹਿਰਾਏ ਹੈਂ ।

ਅਬ ਨੇਤ੍ਰ ਵਰਨਨ ਕਰਦੇ ਹੈਨ ਕਿ ਅਤੀ ਅਸਚਰਜ ਰੂਪ ਜੋ ਵਾਹਿਗੁਰੂ ਹੈ ਜਗਮਗ ਜੋਤ ਵਾਲਾ (ਹੇਰਤ) ਵੇਖਦੇ ਸਾਰ ਉਸਨੂੰ (ਹਿਰਾਏ) ਵੇਖਕੇ ਪ੍ਰੇਮ ਪੂਰਬਕ ਉਹਨਾਂ ਗੁਰਮੁਖਾਂ ਦੇ (ਲੋਚਨ) ਨੇਤ੍ਰ (ਚਕਿਤ) ਚਕ੍ਰਿਤ ਹੋਗਏ ਵ ਪ੍ਰਕਾਸ਼ ਸਰੂਪ ਵਾਹਿਗੁਰੂ ਦੇ ਪ੍ਰੇਮ ਨਾਲ ਵੇਖਣ ਵਿਚ ਗੁਰਮੁਖਾਂ ਦੇ ਨੇਤ੍ਰ ਚਕ੍ਰਿਤ ਹੋ ਗਏ ਅਤੇ ਵੇਖ ਵੇਖਕੇ ਇਕ ਟਕ ਉਧਰੇ ਹੀ ਲਗ ਰਹੇ ਹੈਨ ਇਸੀ ਵਾਸਤੇ ਬਹੁਤ ਅਸਚਰਜ ਸਰੂਪ ਹੋ ਗਏ ।

ਰਾਗ ਨਾਦ ਬਾਦਿ ਬਿਸਮਾਦ ਪ੍ਰੇਮ ਧੁਨਿ ਸੁਨ
ਸ੍ਰਵਨ ਸੁਰਤਿ ਬਿਲੈ ਬਿਲੈ ਬਿਲਾਏ ਹੈ ॥੧੯॥੫੨

ਅਬ ਕੰਨ ਵਰਨਨ ਕਰਦੇ ਹੈਨ ਆਪ ਆਖਦੇ ਹਨ ਕਿ ਰਾਗਾਂ ਦੇ (ਨਾਦਿ) ਵਾਜੇ (ਬਾਦਿ) ਵਜਾਕੇ ਭਾਵ ਗੁਰਾਂ ਦੇ ਸ਼ਬਦ ਦਾ ਕੀਰਤਨ (ਬਿਸਮਾਦਿ) ਅਸਚਰਜ ਜਿਹੜਾ ਹੋ ਰਿਹਾ ਹੈ ਉਸਦੀ ਓਥੇ ਹੀ ਜਾਕੇ ਪ੍ਰੇਮ ਦੀ (ਧੁਨਿ) ਅਵਾਜ਼ (ਸ੍ਰਵਨ) ਕੰਨ ਲਾਕੇ ਅਤੇ (ਸੁਰਤਿ) ਪ੍ਰੀਤੀ ਕਰਕੇ ਸੁਣਦੇ ਹਨ ਭਾਵ ਗੁਰਾਂ ਦੇ ਸ਼ਬਦ ਦਾ ਕੀਰਤਨ ਪ੍ਰੇਮ ਕਰਕੇ ਸੁਣਦੇ ਹਨ ਵ ਰਾਗ ਅਨੰਦ ਪੂਰਬਕ ਜੋ ਵਾਜੇ ਵਜਦੇ ਹੈਨ ਦਸਵੇਂ ਦੁਆਰ ਦੇ ਅਸਚਰਜ ਪ੍ਰੇਮ ਦੇ ਉਤਪੰਨ ਕਰਨਵਾਲੇ ਜਿਹਨਾਂ ਦੀ ਅਵਾਜ਼ ਨੂੰ ਕੰਨ ਲਾਕੇ ਅਤੇ (ਸੁਰਤਿ) ਤਵਜੋ ਕਰਕੇ ਸੁਣਦੇ ਹਨ ਇਸੀ ਵਾਸਤੇ ਕੰਨ ਉਨਾਂ ਦੇ (ਬਿਲੈ) ਲੀਨ ਹੋਏ ਰਹਿੰਦੇ ਹਨ ਉਸ ਵਾਹਿਗੁਰੂ ਵਿਚ ਅਤੇ ਨੇਤ੍ਰ ਭੀ ਉਨਾਂ ਦੇ ਬਿਲੈ ਲੀਨ ਹੋਏ ਰਹਿੰਦੇ ਹੈ ਵਾਹਿਗੁਰੂ ਵਿਚ ਅਤੇ ਹੋਰ ਭੀ ਅੰਗ ਸਾਰੇ ਜਿਤਨੇ ਕੁ ਸਰੀਰ ਦੇ ਹਨ ਓਹ (ਬਿਲਾਏ) ਹਟ ਕੇ ਸੰਸਾਰ ਦੇ ਪਦਾਰਥਾਂ ਵਲੋਂ ਵਾਹਿਗੁਰੂ ਵਲ ਲਾਏ ਰਹਿੰਦੇ ਹਨ ॥ ੧੯ ॥ ੫੨ ।

ਗੁਰਮੁਖ ਮਨ ਬਚ ਕਰਮ ਇਕਤ੍ਰ ਭਏ

ਪੂਰਨ ਪਰਮ ਪਦ ਪ੍ਰੇਮ ਪ੍ਰਗਟਾਏ ਹੈ।

ਜਿਨ੍ਹਾਂ ਗੁਰਮੁਖਾਂ ਦੇ ਮਨ ਬਾਣੀ (ਕਰਮ) ਸਰੀਰ ਇਕਰੂ ਹੋ ਗਏ ਹਨ ਉਹਨਾਂ ਨੂੰ ਹੀ (ਪੂਰਨ) ਪਰਮ ਪਦ ਦੀ ਪ੍ਰਾਪਤੀ ਦੇ ਗੁਨ ਪ੍ਰਗਟ ਹੋ ਆਏ ਹਨ "ਪ੍ਰੇਮ ਕਰਕੇ" ਸੋ ਆਪ ਆਖਦੇ ਹਨ ਕੇਹੜੇ ਗੁਨ ਜੋ ਆਖਦੇ ਹਨ ਪ੍ਰੇਮ ਗੁਨ ਅਤੇ ਪ੍ਰੇਮਾਭਗਤੀ ਤਿਸ ਪਰ ਕਥਨ ਕਰਦੇ ਹਨ॥

ਲੋਚਨ ਮੈ ਦ੍ਰਿਸਟਿ ਦਰਸ ਰਸ ਗੰਧਿ ਸੰਧਿ
ਸ੍ਰਵਨ ਸਬਦ ਸੁਰਤਿ ਗੰਧ ਰਸ ਪਾਏ ਹੈ।

(ਲੋਚਨ) ਨੇਤ੍ਰਾਂ ਦੀ †ਦ੍ਰਿਸ਼ਟੀ ਜੋ ਗੁਰਾਂ ਦੇ ਦਰਸ਼ਨ ਵਿਚ (ਸੰਧਿ) ਲਗੀ ਰਹਿੰਦੀ ਹੈ ਇਹ ਇਕ ਨੇਤ੍ਰਾਂ ਨੂੰ ਰਸ (ਗੰਧਿ) ਰਸਦਾਇਕ ਸੁਗੰਧੀ ਭਾਵ ਪ੍ਰੇਮਾ ਭਗਤੀ ਲੱਧਿ ਮਿਲੀ ਹੈ ਵਾ ਨੇਤ੍ਰਾਂ ਨੇ ਗ੍ਰਹਨ ਕੀਤੀ ਹੈ ਅਤੇ (ਸੁਰਤ) ਕੰਨ ਜੋ ਸ਼ਬਦ ਨੂੰ (ਸ੍ਰਵਨ) ਸੁਣਦੇ ਹਨ ਇਹ ਉਨਹਾਂ ਸ੍ਰਵਨਾਂ ਨੇ ਗੰਧ ਰਸ ਸੁਗੰਧੀ ਰਸ ਵਾਲੀ ਭਾਵ ਪ੍ਰੇਮਾਭਗਤੀ ਪਾਈ ਹੈ॥

ਰਸਨਾ ਮੈ ਰਸ ਗੰਧ ਸਬਦ ਸੁਰਤ ਮੇਲ
ਨਾਸ ਬਾਸ ਰਸ ਸ੍ਰੁਤਿ ਸਬਦ ਲਖਾਏ ਹੈ।

ਰਸਨਾ ਵਿਚ ਪ੍ਰੇਮਾਭਗਤੀ ਕੇਹੜੀ ਹੈ (ਸੁਰਤ) ਧਿਆਨ ਪੂਰਬਕ ਪ੍ਰੇਮ ਪ੍ਰੀਤੀ ਕਰਕੇ ਗੁਰਾਂ ਦੇ ਸ਼ਬਦ ਦੇ ਉਚਾਰਨ ਵਿਚ ਲਗੀ ਰਹਿੰਦੀ ਹੈ ਇਹ ਰਸਨਾਂ ਨੂੰ (ਰਸ ਗੰਧ) ਰਸਦਾਇਕ ਸੁਗੰਧੀ ਭਾਵ ਪ੍ਰੇਮਾਭਗਤੀ (ਮੇਲ) ਮਿਲੀ ਹੈ ਅਤੇ (ਨਾਸ) ਨਾਸਕਾ ਨੇ (ਬਾਸ ਰਸ) ਸੁਗੰਧੀ ਰਸ ਵਾਲੀ ਭਾਵ ਪ੍ਰੇਮਾਭਗਤੀ ਇਹ ਗ੍ਰਹਨ ਕੀਤੀ ਹੈ ਜੋ ਗੁਰਾਂ ਦੇ ਚਰਨਾਂ ਨੂੰ ਫੂਲ ਚੜ੍ਹਦੇ ਹਨ ਉਹ ਸੁਗੰਧੀ ਲੈਂਦੀ ਅਤੇ ਧਿਆਨ ਪੂਰਬਕ ਸ੍ਵਾਸ ਸ੍ਵਾਸ ਵਾਹਿਗੁਰੂ ਦਾ ਨਾਮ ਗੁਰਮੁਖ ਜਪਦੇ ਹੈ ਅਤੇ ਵਾਹਿਗੁਰੂ ਸ਼ਬਦਾਂ ਦੇ ਵਿਚ ਲਖਣੇ ਵਿਚ ਆਇਆ ਹੈ ਇਹ ਨਾਸਕਾ ਨੇ ਪ੍ਰੇਮਾ ਭਗਤੀ ਪਾਈ ਹੈ॥

ਰੋਮ ਰੋਮ ਰਸਨਾ ਸ੍ਰਵਨ ਦ੍ਰਿਗ ਨਾਸਾ ਕੋਟਿ
ਖੰਡ ਬ੍ਰਹਮੰਡ ਪਿੰਡ ਪ੍ਰਾਨ ਮੈ ਸਮਾਏ ਹੈ॥੧੨੯॥੫੪

ਅਰ ਉਹ ਵਾਹਿਗੁਰੂ ਕਿਥੇ ਕਿਥੇ ਉਹਨਾਂ ਗੁਰਮੁਖਾਂ ਦੇ ਦੇਖਣ ਵਿਚ

---

†ਦ੍ਰਿਸ਼ਟਿ ਇਹ ਪਹਿਲੇ ਵਿਸਰਾਮ ਦੇ ਅਖਰ ਮੇਲਕ ਵਾਸਤੇ ਚਾਹੀਦਾ ਹੈ ਜੋ ਸਮਾਧਿ ਨਾਲ ਜੋ ਸੋਭਾਂ ਆਪਣਾਵਦੇ ਹਨ ਅਤੇ ਇਸਦੇ ਸੁਧਕ "ਸੂਨੀ" ਵਿਚ ਦ੍ਰਿਸ਼ਟਾਂਤ ਹੋਰ ਜੋ ਪ੍ਰਾਚੀਨ ਲਿਖਤਾਂ ਵਿਚ ਪੂਰੇ ਹੋਏ ਹਨ॥

ਆਯਾ ਹੈ ਜਿਸ ਪਰ ਕਥਨ ਕਰਤੇ ਹਨ ਕਿ ਬ੍ਰਹਮੰਡ (ਕੋਟ) ਕਰੋੜਾਂ ਬ੍ਰਹਮੰਡਾਂ ਵਿਚ ਅਤੇ ਨਾਲ ਖੰਡਾਂ ਵਿਚ ਅਤੇ (ਪਿੰਡ) ਸਰੀਰਾਂ ਵਿਚ ਅਤੇ ਪਾਣੀਆਂ ਵਿਚ ਨ ਸਗਾ (ਦ੍ਰਿਸ਼) ਨੇਤ੍ਰਾਂ ਕੰਨਾਂ ਰਸਨਾਂ ਰੋਮਾਂ ਰੋਮਾਂ ਵਿਚ ਭਾਵ ਸਾਰਿਆਂ ਵਿਚ ਵਾਹਿਗੁਰੂ (ਜਗਾਏ) ਦਸਦੇ ਹਨ ਹੋਰਨਾਂ ਨੂੰ (ਵ ਜਣਾਉਂਦੇ ਹਨ)॥ ੧੯ ॥ ਪਰ।

ਪੂਰਨ ਬ੍ਰਹਮ ਆਪ ਆਪਨ ਹੀ ਆਪ ਸਾਜ
ਆਪਨ ਰਚਿਓ ਹੈ ਨਾਉ ਆਪ ਹੀ ਬੀਚਾਰ ਕੈ।

ਅਬ ਪਿਛੇ ਦੇ ਪ੍ਰਸੰਗ ਅਨੁਸਾਰ ਆਪ ਆਖਦੇ ਹਨ ਕਿ ਜੋ ਪ੍ਰਮਾਤਮਾ ਖੰਡਾਂ ਬ੍ਰਹਮੰਡਾਂ ਆਦਿਕ ਵਿਚ ਰਮਿਆ ਹੋਇਆ ਹੈ ਉਸਦਾ ਹੀ ਸਰੂਪ ਸਾਰਾ ਜਗਤ ਹੈ ਜਿਸ ਪਰ ਕਥਨ ਕਰਦੇ ਹਨ ਆਪ ਆਖਦੇ ਹਨ ਕਿ (ਪੂਰਨ ਬ੍ਰਹਮ) ਜੋ ਵਾਹਿਗੁਰੂ ਹੈ ਉਸਨੇ ਆਪਨੇ ਆਪ ਨੂੰ ਆਪ ਹੀ ਜਗਤ ਰੂਪ ਕਰਕੇ ਸਾਜਿਆ ਹੈ ਅਤੇ ਆਪ ਹੀ ਉਸਦਾ ਨਾਮ ਸੰਸਾਰ ਰਖ ਦਿਤਾ ਹੈ ਅਤੇ ਆਪ ਹੀ ਵਿਚ ਬੈਠ ਕੇ ਵੀਚਾਰ ਕਰਦਾ ਹੈ ਕਿ ਇਹ ਮ੍ਰਜਾਦਾ ਕੈਸੇ ਅਛੀ ਤਰ੍ਹਾਂ ਚਲੇ ਗੀ ਭਾਵ ਸਭ ਨੂੰ ਖਾਨ ਪਹਿਰਾਨ ਆਦਕ ਦੇਂਦਾ ਹੈ॥

ਆਦਿ ਗੁਰੂ ਦੁਤੀਅ ਗੋਬਿੰਦ ਨਾਮ ਕੈ ਕਹਾਇਓ
ਗੁਰਮੁਖਿ ਰਚਨਾ ਅਕਾਰ ਓਅੰਕਾਰ ਕੈ।

ਪਹਿਲੇ (ਗੁਰ) ਪੂਜਨੀਕ (ਗੋਬਿੰਦ) ਵਾਹਿਗੁਰੂ ਜੋ ਹੈ ਉਸਨੇ ਦੂਜਾ ਨਾਮ ਆਪਣਾ ਸੰਸਾਰ ਕਰਕੇ ਕਹਾਇਆ ਹੈ ਅਤੇ (ਗੁਰਮੁਖ) ਜੋ ਪੂਜਨੀਕ ਵਾਹਿਗੁਰੂ ਮੁਖੀ ਸਿਰੋਮਣੀ ਹਨ (ਓਅੰਕਾਰ) ਮੰਗਲ ਸਰੂਪ ਉਸੀ ਨੇ ਹੀ ਇਹ (ਅਕਾਰ) ਸਰੂਪ ਸੰਸਾਰ ਦਾ ਰਚਨਾ ਕੀਤਾ ਹੈ॥

ਗੁਰਮੁਖਿ ਨਾਦ ਬੇਦ ਗੁਰਮੁਖਿ ਪਾਵੈ ਭੇਦ
ਗੁਰਮੁਖਿ ਲੀਲਾ ਧਾਰੀ ਅਨਿਕ ਅੰਤਾਰ ਕੈ।

(ਗੁਰਮੁਖ) ਪੂਜਨੀਕ ਸਿਰੋਮਣੀ ਜੋ ਵਾਹਿਗੁਰੂ ਹੈ ਓਹ (ਨਾਦ) ਜੀਵਿਆਂ ਭਾਵ ਜੀਵਾਂ ਦੇ ਭੇਦ (ਬੇਦ) ਜਾਣਦਾ ਹੈ ਭਾਵ ਜੀਵਾਂ ਦੇ ਭੇਦ ਜਾਣਦਾ ਹੈ। ਜੈਸੇ

ਜਾਚਕ ਕੀ ਪੁਕਾਰ ਪਲ ਪਾਛੈ ਪਹੁੰਚਤ ਤਾਹਿ
ਕੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤ ਹੈ। (ਗੁਰੂ ੨੦)

ਅਤੇ ਓਹ ਹੀ ਪ੍ਰਮਾਤਮਾ ਸਾਰਿਆਂ ਜੀਵਾਂ ਦੇ ਭੇਦ ਪਾਉਂਦਾ ਹੈ ਭਾਵ ਜਿਸ ਓਹ ਜੈਸੇ ਕਥਨ ਵਾਲੇ ਹਨ ਅਤੇ ਜੈਸੀ ਜੈਸੀ ਓਹ ਹਾਜ਼ੀ ਮੰਗਦੇ ਹਨ ਤੈਸੀ ਤੈਸੀ ਪਹੁੰਚਾਉਂਦਾ ਹੈ। ਜੈਸੇ